
ੴ ਸਤਿਗੁਰ ਪ੍ਰਸਾਦਿ ।

ਇਹ ਬਿਧੀ ਕਰਤ ਤਪੱਸਿਆ ਭਯੋ । ਦ੍ਵੈ ਤੇ ਏਕ ਰੂਪ ਹ੍ਵੈ ਗਯੋ ॥

# SRI HEM KUNT SAHIB

THE SACRED PLACE WHERE SRI GURU GOBIND SINGH JI SO DEEPLY MEDITATED THAT HE BECAME ONE WITH GOD.





ਗੁਰਦੁਆਰਾ ਹੇਮ ਕੁੰਟ ਸਾਹਿਬ ਦਾ ਮਾਡਲ

ੴ ਸਤਿਗੁਰ ਪ੍ਰਸਾਦਿ ॥

ਇਤਿਹਾਸ, ਗਾਈਡ ਤੇ
ਪਵਿਤਰ ਅਸਥਾਨਾਂ ਦੀ ਉਸਾਰੀ ਦੇ ਸਮਾਚਾਰ

# ਸ੍ਰੀ ਹੇਮਕੁੰਟ ਸਾਹਿਬ

## ਸਪਤ ਸ੍ਰਿੰਗ

ਪ੍ਰਕਾਸ਼ਕ--
ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰਸਟ
੧੯/੭, ਲਾਟੂਸ਼ ਰੋਡ, ਕਾਨਪੁਰ (ਯੂ. ਪੀ.)
ਲੇਖਕ ਐਡੀਟਰ ਵੀ. ਕੇ. ਵੀਕਲੀ, ਬੰਬਈ-੧੯

ਪੰਜਵੀਂ ਐਡੀਸ਼ਨ ਜੁਲਾਈ ੧੯੭੯, ੧੦,੦੦੦ ਡੇਢ ਰੁਪਿਆ

ਸਭ ਹਕ ਰਾਖਵੇਂ ਹਨ

ਗੁਰੂ ਸਵਾਰੇ ਖਾਲਸਾ ਜੀਓ,

ਵਾਹਿਗੁਰੂ ਜੀ ਕਾ ਖਾਲਸਾ !
ਵਾਹਿਗੁਰੂ ਜੀ ਕੀ ਫਤਹਿ !!

ਦੇਸਾਂ ਪ੍ਰਦੇਸਾਂ ਤੋਂ ਸਤਿਗੁਰੂ ਜੀ ਦੇ ਪਿਆਰਿਆਂ ਦੀਆਂ ਪ੍ਰੇਮ-ਪੁਛਾਂ ਆਉਂਦੀਆਂ ਰਹਿੰਦੀਆਂ ਹਨ ਕਿ ਸ੍ਰੀ ਹੇਮਕੁੰਟ ਸਾਹਿਬ (ਤਪ ਅਸਥਾਨ) ਦੇ ਸਮਾਚਾਰ ਉਹਨਾਂ ਨੂੰ ਭੇਜੇ ਜਾਣ । ਸੋ ਯਾਤਰੂਆਂ ਦੀ ਯਾਤਰਾ ਸਹਿਲ ਕਰਨ ਹਿਤ, ਰਸਤੇ ਦੇ ਸਵਿਸਥਾਰ ਸਮਾਚਾਰ ਤੇ ਉਹਨਾਂ ਨੂੰ ਆਤਮਕ ਹੁਲਾਰੇ ਪ੍ਰਦਾਨ ਹੋਣ, ਇਸ ਲਈ ਸ੍ਰੀ ਹੇਮਕੁੰਟ ਸਾਹਿਬ ਦਾ ਇਤਿਹਾਸ ਇਨ੍ਹਾਂ ਪੰਨਿਆਂ ਵਿਚ ਅੰਕਿਤ ਕੀਤਾ ਹੈ ਜਿਸ ਵਿਚ ਪਵਿਤਰ ਮੁਖ ਵਾਕ ਦੀ ਬਾਣੀ ਸਣੇ ਕਠਨ ਸ਼ਬਦਾਂ ਦੇ ਅਰਥ ਦਿਤੇ ਹਨ, ਨਾਲ ਹੀ ਜਿਨ੍ਹਾਂ ਨੇ ਇਸ ਪਵਿਤਰ ਗੁਰਧਾਮ ਦੀ ਖੋਜ ਦੀ ਸੇਵਾ ਵਿਚ ਅਥਵਾ ਉਸਾਰੀ ਵਿਚ ਹਿੱਸਾ ਪਾਇਆ ਹੈ ਦਾ ਵਰਨਣ ਕੀਤਾ ਹੈ, ਜੇ ਇਹ ਯਾਤਰੂਆਂ ਨੂੰ ਬਿਨਾਂ ਸਰੀਰਕ ਥਕਾਨ ਦੇ ਯਾਤਰਾ ਸੰਪੂਰਨ ਕਰਨ ਵਿਚ ਕੁਝਕੁ ਸਹਾਇਤਾ ਦੇਣਹਾਰੀ ਪੁਸਤਕ ਸਿਧ ਹੋਈ ਤਦੋਂ ਹੀ ਇਸ ਯਤਨ ਦੀ ਸਫਲਤਾ ਹੋਈ ਸਮਝੀ ਜਾਵੇਗੀ ਤੇ ਮਨ ਸ਼ੁਕਰਾਨੇ ਵਿਚ ਗੁਰੂ ਸਾਹਿਬ ਦੀ ਇਹ ਤੁਕ ਗਾ ਉਠੇਗਾ—

ਸਫਲ ਸਫਲ ਸਫਲ ਭਈ ਯਾਤਰਾ
ਆਵਣ ਜਾਣ ਰਹੇ ਮਿਲੇ ਸਾਧਾ ॥

ਦਾਸ : ਆਨਰੇਰੀ ਸਕੱਤਰ
ਗੁਰਦਵਾਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰਸਟ,
੧੯/੭, ਲਾਟੂਸ਼ ਰੋਡ, ਕਾਨਪੁਰ (ਯੂ. ਪੀ.)

☬ ੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥ ☬

# ਦੁਸ਼ਟ-ਦਮਨ[1]

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਫੁਰਮਾਉਂਦੇ ਹਨ :–

ਇਹ ਬਿਧਿ ਕਰਤ ਤਪਸਿਆ[2] ਭਯੋ ॥
ਦ੍ਵੈ ਤੇ ਏਕ ਰੂਪ ਹ੍ਵੈ ਗਯੋ ॥

ਹੇਮਕੁੰਟ ਪਰਬਤ ਪਰ ਸ੍ਰੀ ਗੁਰੂ ਸਾਹਿਬ ਨੇ ਅਕਾਲ ਪੁਰਖ ਦੀ ਐਸੀ ਦਿਲੀ ਲਗਨ ਨਾਲ ਅਰਾਧਨਾ ਕੀਤੀ ਕਿ ਉਹਨਾਂ ਨੂੰ ਰਬ ਜੀ ਨਾਲ 'ਇਕ ਰੂਪਤਾ' ਵਾਲੀ ਬਖਸ਼ਿਸ਼ ਪ੍ਰਾਪਤ ਹੋਈ । ਮਿਹਰ ਹੋਣ ਪਰ ਵਾਹਿਗੁਰੂ ਜੀ ਨੇ ਉਹਨਾਂ ਨੂੰ ਆਪਣੇ ਪਾਸ ਬੁਲਾ ਕੇ ਐਸਾ ਪਿਆਰ ਕੀਤਾ ਜਿਵੇਂ ਕਿ ਇਕ ਪਿਤਾ ਆਪਣੇ ਪੁਤਰ ਨੂੰ ਕਰਦਾ ਹੈ ਤੇ ਫੇਰ ਸ੍ਰਿਸ਼ਟੀ ਉਧਾਰ ਲਈ ਇਹ ਕਹਿ ਕੇ ਭੇਜਿਆ :

੧. ਪਾਪੀਆਂ ਨੂੰ ਨਾਸ਼ ਕਰਨ ਵਾਲੇ । ੨. ਤਪੱਸਿਆ ਦਾ ਅਰਥ ਹੈ ਤਤਖਯਾ । ਯੋਗ (ਹਠ ਜੋਗ) ਮਤ ਵਿਚ ਇਹ ਸਰੀਰਕ ਕਿਰਿਆ ਹੁੰਦੀ ਹੈ ਪਰ ਗੁਰੂ ਸਾਹਿਬ ਇਸ ਤੋਂ ਪਹਿਲੇ 'ਅਰਾਧਨਾ' ਪਦ ਵਰਤਿਆ ਹੈ ਸੋ ਭਾਵ ਹੈ ਐਸੀ ਮਿਹਨਤ ਕੀਤੀ ਜਿਸ ਨਾਲ ਦੂਜਾਇਗੀ ਦਾ ਸਾਰਾ ਭਾਵ ਮਨ 'ਚੋਂ ਨਿਕਲ ਗਿਆ । ਰਬ ਜੀ ਨਾਲ ਇਕ-ਮਿਕਤਾ ਪ੍ਰਾਪਤ ਹੋ ਗਈ । "ਇਕ-ਰੂਪਤਾ" ਦੀ ਪ੍ਰਾਪਤੀ ਲਈ ਕੋਈ ਸਰੀਰਕ ਕ੍ਰਿਆ ਤੇ ਹਠ ਵਾਲੀ ਤਪੱਸਿਆ ਨਹੀਂ ਹੋ ਸਕਦੀ, ਕਿਉਂਕਿ ਉਹਦੇ ਨਾਲ "ਮੈਂ ਤਪੱਸਿਆ ਕਰ ਰਿਹਾ ਹਾਂ, ਮੈਂ ਠੀਕ ਤਰੀਕੇ ਨਾਲ (ਵਿਧੀ ਪੂਰਬਕ) ਤਪ ਕਰ ਰਿਹਾ ਹਾਂ" ਆਦਿਕ ਖਿਆਲ ਬਣੇ ਰਹਿੰਦੇ ਹਨ ।

## ਅਕਾਲ ਪੁਰਖ ਬਾਚ ਇਸ ਕੀਟ[3] ਪ੍ਰਤਿ ॥ ਚੌਪਈ[4] ॥

ਜਬ ਪਹਿਲੇ ਹਮ ਸ੍ਰਿਸਟਿ ਬਨਾਈ ॥ ਦਈਤ[6] ਰਚੇ ਦੁਸਟ[7] ਦੁਖਦਾਈ ॥
ਤੇ ਭੁਜਬਲ[8] ਬਵਰੇ ਹ੍ਵੈ ਗਏ ॥ ਪੂਜਤ ਪਰਮ ਪੁਰਖ ਰਹਿ ਗਏ ॥੬॥
ਤੇ ਹਮ ਤਮਕਿ[9] ਤਨਕ[10] ਮੋ ਖਾਪੇ ॥ ਤਿੰਨ ਕੀ ਠਉਰ[11] ਦੇਵਤਾ ਥਾਪੇ ॥
ਤੇ ਭੀ ਬਲ[12] ਪੂਜ ਉਰਝਾਏ ॥ ਆਪਨ ਹੀ ਪਰਮੇਸਰ ਕਹਾਏ ॥੭॥
ਮਹਾਦੇਵ[13] ਅਚੁਤ ਕਹਵਾਯੋ ॥ ਬਿਸਨ ਆਪ ਹੀ ਕੋ ਠਹਰਾਯੋ ॥
ਬ੍ਰਹਮਾ ਆਪ ਪਾਰਬ੍ਰਹਮ ਬਖਾਨਾ ॥ ਪ੍ਰਭੁ ਕੋ ਪ੍ਰਭੁ ਨ ਕਿਨਹੂੰ ਜਾਨਾ ॥੮॥
ਤਬ ਸਾਖੀ[14] ਪ੍ਰਭ ਅਸਟ[15] ਬਨਾਏ ॥ ਸਾਖ ਨਮਿਤ ਦੇਬੇ[16] ਠਹਿਰਾਏ ॥
ਤੇ ਕਹੈ ਕਰੋ ਹਮਾਰੀ ਪੂਜਾ ॥ ਹਮ ਬਿਨ ਅਵਰੁ ਨ ਠਾਕੁਰੁ ਦੂਜਾ ॥੯॥
ਪਰਮਤੱਤ[17] ਕੋ ਜਿਨ ਨ ਪਛਾਨਾ ॥ ਤਿਨ ਕਰਿ ਈਸਰ ਤਿਨ ਕਹੁ ਮਾਨਾ ॥
ਕੇਤੇ ਚੰਦ ਸੂਰਜ ਕਹੁ ਮਾਨੈ ॥ ਅਗਨ ਹੋਤ੍ਰ[18] ਕਈ ਪਵਨ ਪ੍ਰਮਾਨੈ[19] ॥੧੦॥
ਕਿਨਹੂੰ ਪ੍ਰਭੁ ਪਾਹਨ[20] ਪਹਿਚਾਨਾ ॥ ਨ੍ਰਾਤਿ[21] ਕਿਤੇ ਜਲ ਕਰਤ ਬਿਧਾਨਾ ॥

੩. ਕੀੜਾ, ਨਿਮਤਾ ਵਿਚ ਗੁਰੂ ਸਾਹਿਬ ਆਪਣੇ ਆਪ ਨੂੰ 'ਕੀੜਾ' ਕਹਿੰਦੇ ਹਨ । ੪. ਚਾਰ ਪੰਕਤੀਆਂ ਵਾਲੀ ਕਵਿਤਾ । ੫. ਰਚਨਾ । ੬. ਦੈਂਤ : ੭. ਪਾਪੀ । ੮. ਭੁਜ-ਦਾਵਾਂ, ਬਹੂਬਲ, ਸਰੀਰਕ ਤਾਣ । ੯. ਰੋਹ ਵਿਚ ਭਰ ਕੇ । ੧੦. ਛਿਨ ਵਿਚ ਖਤਮ ਕੀਤੇ । ੧੧. ਉਹਨਾਂ ਦੀ ਥਾਂ ਤੇ ਦੇਵਤੇ ਬਣਾਏ । ੧੨. ਆਪਣਾ ਬਲ ਬਨਾਉਣ ਤੇ ਪੂਜਾ ਕਰਾਉਣ ਵਿਚ ਲੱਗ ਪਏ । ੧੩. ਸ਼ਿਵਜੀ ਆਪਣੇ ਆਪ ਨੂੰ ਅਬਨਾਸ਼ੀ ਕਹਿਣ ਲੱਗ ਪਿਆ । ੧੪. ਅਠ ਸਾਖੀ (ਜੀਵ ਦੇ ਕਰਮਾਂ ਦੇ ਗਵਾਹ)—ਪ੍ਰਿਥਵੀ, ਧਰੂਹ ਤਾਰਾ, ਚੰਦ੍ਰਮਾ, ਸੂਰਜ, ਅਗਨੀ, ਪਉਣ, ਪਾਣੀ ਤੇ ਚਾਨਣ । ੧੬. ਦੇਵਤੇ, ਜੀਵ ਦੇ ਕਰਮਾਂ ਦੀ ਗਵਾਹੀ ਦੇਣ ਨਮਿਤ (ਲਈ) ਉਹਨਾਂ ਨੂੰ ਦੇਵਤੇ ਥਾਪਿਆ । ੧੭. ਮੁਢਲੀ ਅਸਲੀਅਤ, ਅਜ਼ਲੀ ਹੋਂਦ, ਅਕਾਲ ਪੁਰਖ, ਜਿਨ੍ਹਾਂ ਨੇ ਅਕਾਲ ਪੁਰਖ ਨੂੰ ਨਹੀਂ ਪਛਾਤਾ, ਉਹਨਾ ਨੇ 'ਅਠਾਂ ਗਵਾਹਾਂ' ਨੂੰ ਮਾਲਕ ਮੰਨ ਲਿਆ । ੧੮. ਅਗਨੀ ਰਾਹੀਂ ਭੇਟਾ ਦੇਣ ਵਾਲੇ, ਹੋਮ ਕਰਨ ਵਾਲੇ । ੧੯. ਮੰਨਦੇ ਹਨ । ੨੦, ਪਥਰ, ਪਥਰ ਦੇ ਬੁਤ । ੨੧. ਵਿਧੀ ਪੂਰਬਕ ਠਾਕੁਰਾਂ (ਪਥਰ ਦੇ ਪੂਜਯ ਬੁਤਾਂ) ਨੂੰ ਨਵਾਉਂਦੇ ਹਨ ।



ਕੇਤਕ ਕਰਮ ਕਰਤ ਡਰਪਾਨਾ ॥ ਧਰਮਰਾਜ ਕੋ ਧਰਮ ਪਛਾਨਾ ॥੧੧॥

ਜੇ ਪ੍ਰਭੁ ਸਾਖ[14] ਨਮਿਤ[16] ਠਹਿਰਾਏ ॥ ਤੇ ਹਿਆਂ ਆਏ ਪ੍ਰਭੁ ਕਹਵਾਏ ॥
ਤਾ ਕੀ ਬਾਤ ਬਿਸਰ ਜਾਤੀ ਭੀ ॥ ਅਪਨੀ ਅਪਨੀ ਪਰਤ ਸੋਭ ਭੀ ॥੧੨॥

ਜਬ ਪ੍ਰਭ ਕੋ ਨ ਤਿਨੈ ਪਹਿਚਾਨਾ ॥ ਤਬ ਹਰਿ ਇਨ ਮਨੁਛਨ[22] ਠਹਿਰਾਨਾ ॥
ਤੇਭੀ ਬਸਿ[23] ਮਮਤਾ ਹੁਇ ਗਏ ॥ ਪਰਮੇਸਰ ਪਾਹਨ[20] ਠਹਰਏ ॥੧੩॥

ਤਬ ਹਰਿ ਸਿੱਧ ਸਾਧ ਠਹਿਰਾਏ ॥ ਤਿਨ ਭੀ ਪਰਮ ਪੁਰਖ ਨਹੀ ਪਾਏ ॥
ਜੇ ਕੋਈ ਹੋਤ ਭਯੋ ਜਗਿ ਸਯਾਨਾ ॥ ਤਿਨ ਤਿਨ ਅਪਨੋ ਪੰਥ ਚਲਾਨਾ ॥੧੪॥

ਪਰਮ ਪੁਰਖ ਕਿਨਹੂੰ ਨਹ ਪਾਯੋ ॥ ਬੈਰ ਬਾਦ[24] ਹੰਕਾਰ ਬਧਾਯੋ[25] ॥
ਪੇਡ[26] ਪਾਤ[27] ਆਪਨ ਤੇ ਜਲੈ ॥ ਪ੍ਰਭ ਕੇ ਪੰਥ ਨ ਕੋਊ ਚਲੈ ॥੧੫॥

ਜਿਨ ਜਿਨ ਤਨਕਿ[23] ਸਿਧ ਕੋ ਪਾਯੋ ॥ ਤਿਨ ਤਿਨ ਅਪਨਾ ਰਾਹੁ ਚਲਾਯੋ ॥
ਪਰਮੇਸਰ ਨ ਕਿਨਹੂੰ ਪਹਿਚਾਨਾ ॥ ਮਮ ਉਚਾਰਤੇ ਭਯੋ ਦਿਵਾਨਾ[29] ॥੧੬॥

ਪਰਮਤਤ[7] ਕਿਨਹੂੰ ਨ ਪਛਾਨਾ ॥ ਆਪ ਆਪ ਭੀਤਰਿ ਉਰਝਾਨਾ[30] ॥
ਤਬ ਜੇ ਜੇ ਰਿਖਰਾਜ[31] ਬਨਾਏ ॥ ਤਿਨ ਆਪਨ ਪੁਨਿ[32] ਸਿੰਮ੍ਰਿਤ[33] ਚਲਾਏ ॥੧੭॥

ਜੇ ਸਿੰਮ੍ਰਤਨ ਕੇ ਭਏ ਅਨੁਰਾਗੀ[34] ॥ ਤਿਨ ਤਿਨ ਕ੍ਰਿਆ ਬ੍ਰਹਮ ਕੀ ਤਿਆਗੀ ॥
ਜਿਨ ਮਨੁ ਹਰਿ ਚਰਨਨ ਠਹਿਰਾਯੋ ॥ ਸੋ ਸਿੰਮ੍ਰਤਨ ਕੇ ਰਾਹ ਨ ਆਯੋ ॥੧੮॥

੨੨. ਮਨੁੱਖਾਂ ਨੂੰ । ੨੩. ਵਸ ਵਿਚ । ੨੪. ਝਗੜਾ । ੨੫. ਵਧਾਇਆ । ੨੬. ਦਰਖਤ, ਬ੍ਰਿਛ । ੨੭. ਪਤੇ । ਮਨੁੱਖਤਾ ਦਾ ਬ੍ਰਿਛ ਆਪਣੇ ਹੀ ਪੱਤਿਆਂ ਵਿਚ ਦੀ ਰਗੜ ਨਾਲ ਸੜ ਗਿਆ । ੨੮. ਥੋੜੀ ਜਿਹੀ ਸਿਧੀ । ੨੯. ਪਾਗਲ । ੩੦. ਗੁੰਝਲ ਵਿਚ ਫਸਣਾ । ਆਪਣੇ ਆਪ ਵਿਚ ਹੀ ਫਸ ਗਏ । ੩੧. ਰਾਜ-ਰਿਸ਼ੀ । ੩੨. ਫਿਰ । ੩੩. ਧਾਰਮਕ ਗ੍ਰੰਥ ਪ੍ਰਚਲਤ ਕੀਤੇ । ੩੪. ਪ੍ਰੇਮੀ ।

ਬ੍ਰਹਮਾ ਚਾਰ ਹੀ ਬੇਦ[35] ਬਨਾਏ ॥ ਸਰਬ ਲੋਕ ਤਿਹ ਕਰਮ ਚਲਾਏ ॥
ਜਿਨਕੀ ਲਿਵ ਹਰਿ ਚਰਨਨ ਲਾਗੀ ॥ ਤੇ ਬੇਦਨ ਤੇ ਭਏ ਤਿਆਗੀ ॥੧੯॥

ਜਿਨ ਮਤ ਬੇਦ ਕਤੇਬਨ ਤਿਆਗੀ ॥ ਪਾਰਬ੍ਰਹਮ ਕੇ ਭਏ ਅਨੁਰਾਗੀ[34] ॥
ਤਿਨਕੇ ਗੂੜ੍ਹ[36] ਮੱਤ ਜੇ ਚਲਹੀ ॥ ਭਾਂਤ ਅਨੇਕ ਦੁਖਨ ਕੋ ਦਲਹੀ[37] ॥੨੦॥

ਜੇ ਜੇ ਸਹਿਤ ਜਾਤ[38] ਨ ਸੰਦੇਹਿ[39] ॥ ਪ੍ਰਭ ਕੋ ਸੰਗ ਨ ਛਡਤ ਨੇਹ ॥
ਤੇਤੇ ਪਰਮਪੁਰੀ ਕਹਜਾਹੀ ॥ ਤਿਨ ਹਰਿਸਿਉ ਅੰਤਰੁ ਕਛੁ ਨਾਹੀ ॥੨੧॥

ਜੇ[40] ਜੇ ਜੀਯ ਜਾਤਨ ਤੇ ਡਰੇ ॥ ਪਰਮ ਪੁਰਖ ਤਜਿ ਤਿਨ ਮਗ[41] ਪਰੇ ॥
ਤੇ ਤੇ ਨਰਕ ਕੁੰਡ ਮੇ ਪਰਹੀ ॥ ਬਾਰ ਬਾਰ ਜਗ ਮੇ ਬਪ[42] ਧਰਹੀ ॥੨੨॥

ਤਬਹਰਿ ਬਹੁਰਿਦੱਤ[43] ਉਪਜਾਇਓ ॥ ਤਿਨਹੀ ਅਪਨਾ ਪੰਥ ਚਲਾਇਓ ॥
ਕਰ[44] ਮੇ ਨਖ[45] ਸਿਰ ਜਟਾ ਸਵਾਰੀ ॥ ਪ੍ਰਭ ਕੀ ਕ੍ਰਿਆ ਕਛੁ ਨ ਬਿਚਾਰੀ ॥੨੩॥

ਪੁਨਿ ਹਰਿ ਗੋਰਖ ਕੋ ਉਪਰਾਜਾ ॥ ਸਿੱਖ ਕਰੇ ਤਿਨਹੂੰ ਬਡਰਾਜਾ ॥
ਸ੍ਰਵਨਫਾਰਿ ਮੁੰਦ੍ਰਾ ਦੁਐਡਾਰੀ ॥ ਹਰਿਕੀ ਪ੍ਰੀਤ ਰੀਤਿ ਨ ਬਿਚਾਰੀ ॥੨੪॥

ਪੁਨਿ ਹਰਿ ਰਾਮਾਨੰਦ ਕੋ ਕਰਾ ॥ ਭੇਸ ਬੈਰਾਗੀ ਕੋ ਜਿਨ ਧਰਾ ॥
ਕੰਠੀ[46] ਕੰਠਿ[47] ਕਾਠ[48] ਕੀ ਡਾਰੀ[49] ॥ ਪ੍ਰਭ ਕੀ ਕ੍ਰਿਆ ਨ ਕਛੂ ਬਿਚਾਰੀ ॥੨੫॥

੩੫. ਚਾਰ ਵੇਦ । ੩੬. ਗੁਪਤ, ਲੁਕੇ ਹੋਏ ਅੰਦਰਲੀ ਲਗਨ ਵਾਲੇ । ੩੭. ਦਲਦੇ ਹਨ, ਨਾਸ਼ ਕਰ ਲੈਂਦੇ ਹਨ । ੩੮. ਜਾਤਾਂ, ਜਾਤ-ਪਾਤ । ੩੯. ਪਿਆਰ । ਜਿਸ ਜਿਸ ਦਾ ਜਾਤ ਪਾਤ ਨਾਲ ਨੇਹੁੰ ਨਹੀਂ ਹੈ । ੪੦. ਜੋ ਜੀਵ ਸਮਾਜ ਤੋਂ ਡਰ ਕੇ ਜਾਤ ਪਾਤ ਮੰਨਦਾ ਹੈ । ਵਾਹਿਗੁਰੂ ਜੀ ਨੂੰ ਸਰਬ ਵਿਆਪਕ ਨ ਲਖ ਕੇ ਜਾਤਾਂ ਦੇ ਬੰਧਨ ਵਾਲੇ ਰਸਤੇ ਪਰ ਪੈਂਦਾ ਹੈ, ਉਹ ਨਰਕ ਦੇ ਖੂਹ ਵਿਚ ਪਵੇਗਾ ਤੇ ਵਾਰ ਵਾਰ ਜਗਤ ਵਿਚ ਜਨਮ ਧਾਰੇਗਾ : ੪੧. ਰਸਤਾ । ੪੨. ਜਨਮ । ੪੩. ਦਤਾਤ੍ਰੈ । ੪੪. ਹਥ । ੪੫. ਨਹੁ । ੪੬. ਗਲ ਵਿਚ ਪਾਈ ਹੋਈ ਮਾਲਾ । ੪੭. ਗਲ ਵਿਚ । ੪੮. ਲਕੜੀ । ੪੯. ਪਾਈ ।



ਜੋ ਪ੍ਰਭ ਪਰਮ ਪੁਰਖ ਉਪਜਾਏ ॥ ਤਿਨ ਤਿਨ ਅਪਨੇ ਰਾਹ ਚਲਾਏ ॥
ਮਹਾਦੀਨ[50] ਤਬਿ ਪ੍ਰਭ ਉਪਰਾਜਾ ॥ ਅਰਬ ਦੇਸ ਕੋ ਕੀਨੋ ਰਾਜਾ ॥੨੬॥
ਤਿਨ ਭੀ ਏਕੁ ਪੰਥੁ ਉਪਰਾਜਾ ॥ ਲਿੰਗ[51] ਬਿਨਾ ਕੀਨੇ ਸਭ ਰਾਜਾ ॥
ਸਭ ਤੇ ਅਪਨਾ ਨਾਮੁ ਜਪਾਯੋ ॥ ਸਤਿਨਾਮੁ ਕਾਹੂ ਨ ਦ੍ਰਿੜਾਯੋ[52] ॥੨੭॥
ਸਭ, ਅਪਨੀ ਅਪਨੀ ਉਰਝਾਨਾ ॥ ਪਾਰਬ੍ਰਹਮ ਕਾਹੂ ਨ ਪਛਾਨਾ ॥
ਤਪ ਸਾਧਤ ਹਰਿ ਮੋਹਿ ਬੁਲਾਯੋ ॥ ਇਹ ਕਹਿਕੇ ਇਹ ਲੋਕ ਪਠਾਯੋ ॥੨੮॥

## ਅਕਾਲ ਪੁਰਖ ਬਾਚ[53] ॥ ਚੌਪਈ ॥

ਮੈ ਅਪਨਾ ਸੁਤ ਤੋਹਿ ਨਿਵਾਜਾ ॥ ਪੰਥ ਪ੍ਰਚੁਰ[54] ਕਰਬੇ ਕਹੁ ਸਾਜਾ ॥
ਜਾਹਿ ਤਹਾਂ ਤੈ ਧਰਮ ਚਲਾਏ ॥ ਕਬੁਧਿ ਕਰਨ[55] ਤੇ ਲੋਕ ਹਟਾਏ ॥੨੯॥

## ਕਬਿਬਾਚ ਦੋਹਰਾ ॥

ਠਾਢ ਭਯੋ ਮੈ ਜੋਰਿ ਕਰ ਬਚਨ ਕਹਾ ਸਿਰ ਨਿਆਇ ॥
ਪੰਥ ਚਲੇ ਤਬ ਜਗਤ ਮੇ ਜਬ ਤੁਮ ਕਰੋ ਸਹਾਇ ॥੩੦॥

## ਚੌਪਈ ॥

ਇਹ ਕਾਰਨਿ ਪ੍ਰਭੁ ਮੋਹਿ ਪਠਾਯੋ ॥ ਤਬ ਮੈ ਜਗਤ ਜਨਮ ਧਰਿ ਆਯੋ ॥
ਜਿਮ[56] ਤਿਨ ਕਹੀ ਤਿਨੈ ਤਿਮ ਕਹਿਹੋਂ ॥ ਔਰ ਕਿਸੂ ਤੇ ਬੈਰ ਨ ਗਹਿਹੋਂ ॥੩੧॥

੫੦. ਮੁਹੰਮਦ ਸਾਹਿਬ । ੫੧. ਸਭ (ਅਰਬ ਦੇਸ ਦੇ) ਰਾਜਿਆਂ ਦੀ ਉਸ ਸੁਨਤ ਕਰਵਾ ਦਿਤੀ । ੫੨. ਦ੍ਰਿੜ ਕਰਵਾਇਆ, ਲਗਾਤਾਰੀ ਰੋ ਵਿਚ ਜਾਰੀ ਕਰਵਾਇਆ । ੫੩. ਭੇਜਿਆ । ੫੪. ਪੰਥ ਚਲਾਉਣ ਲਈ । ੫੫. ਖੋਟੀ ਵਿਚਾਰ ਨਾਲ ਕੰਮ ਕਰਨੋਂ । ੫੬. ਜਿਵੇਂ ਵਾਹਿਗੁਰੂ ਜੀ ਨੇ ਮੈਨੂੰ ਫੁਰਮਾਇਆ ਹੈ, ਓਵੇਂ ਦਾ ਓਵੇਂ ਮੈਂ ਜਗਤ ਨੂੰ ਦਸ ਰਿਹਾ ਹਾਂ ।

ਜੋ ਹਮਕੋ ਪਰਮੇਸਰ ਉਚਰਿ ਹੈ ॥ ਤੇ ਸਭ ਨਰਕ ਕੁੰਡ ਮਹਿ ਪਰਿ ਹੈ[57] ॥
ਮੋ ਕੌ ਦਾਸ ਤਵਨ[58] ਕਾ ਜਾਨੋ ॥ ਯਾ ਮੈ ਭੇਦ ਨ ਰੰਚ ਪਛਾਨੋ ॥੩੨॥
ਮੈ ਹੋ ਪਰਮਪੁਰਖ[60] ਕੋ ਦਾਸਾ ॥ ਦੇਖਨ ਆਯੋ ਜਗਤ ਤਮਾਸਾ ॥
ਜੋ ਪ੍ਰਭ ਜਗਤਿ ਕਹਾ ਸੋ ਕਹਿ ਹੋ ॥ ਮ੍ਰਿਤ ਲੋਕ[61] ਤੇ ਮੋਨ ਨ ਰਹਿ ਹੋ ॥੩੩॥

ਇਹ ਹੈ ਕਾਰਨ ਤੇ ਇਹ ਹੈ ਪ੍ਰਯੋਜਨ ਜਿਸ ਲਈ ਅਕਾਲ ਪੁਰਖ ਜੀ ਨੇ ਦਸਮੇਸ਼ ਪਿਤਾ ਜੀ ਨੂੰ ਇਸ ਜਗਤ ਵਿਚ ਭੇਜਿਆ ਤੇ ਉਹਨਾਂ ਨੇ ਮਾਤ ਲੋਕ ਵਿਚ ਅਵਤਾਰ ਧਾਰ ਕੇ ਪੰਥ ਚਲਾਇਆ ॥ ਇਕ ਅਕਾਲ ਦੀ ਉਪਾਸ਼ਨਾ ਦਸੀ। ਇਕ ਸ਼ਬਦ ਦਾ ਅਭਿਆਸ ਦਸਿਆ। ਇਕ ਵਾਹਿਗੁਰੂ ਦੀ ਓਟ ਪਰ ਸਦਾ ਦ੍ਰਿੜ, ਸੇਵਾ ਵਿਚ ਸਦਾ ਤਤਪਰ ਤੇ ਚੜ੍ਹਦੀ ਕਲਾ ਵਾਲਾ ਬੀਰ ਖਾਲਸਾ ਸਾਜਿਆ।

ਆਪ ਨੇ ਕ੍ਰਿਪਾ ਕਰਕੇ ਆਪਣੀ ਇਕ ਅਕਾਲ ਦੀ ਅਰਾਧਨਾ ਦਾ ਹਾਲ ਤੇ ਹੋਰ ਕੁਝਕੁ ਜੀਵਨ ਸਮਾਚਾਰ ਬਚਿਤਰ ਨਾਨਕ ਵਿਚ ਆਪ ਲਿਖੇ। ਆਪ ਫੁਰਮਾਂਦੇ ਹਨ :—

ਅਬ ਮੈ ਅਪਨੀ ਕਥਾ ਬਖਾਨੋ[62] ॥ ਤਤ ਸਾਧਤ ਜਿਹ ਬਿਧਿ ਮੋਹਿ ਆਨੋ[63] ॥
ਹੇਮਕੁੰਟ ਪਰਬਤ ਹੈ ਜਹਾਂ ॥ ਸਪਤ ਸ੍ਰਿੰਗ[64] ਸੋਭਤ ਹੈ ਤਹਾਂ ॥੧॥
ਸਪਤ ਸ੍ਰਿੰਗ ਤਹ ਨਾਮੁ ਕਹਾਵਾ ॥ ਪੰਡ ਰਾਜ[65] ਜਿਹ ਜੋਗ ਕਮਾਵਾ ॥
ਤਹ ਹਮ ਅਧਿਕ ਤਪੱਸਿਆ ਸਾਧੀ ॥ ਮਹਾ ਕਾਲ[66] ਕਾਲਕਾ ਅਰਾਧੀ ॥੨॥

੫੭. ਉਹ ਸਭ ਨਰਕ ਦੇ ਟੋਹੇ ਵਿਚ ਪੈਣਗੇ। ੫੮. ਉਸ ਦਾ। ੫੯. ਰਤੀ ਜਿਨਾ। ੬੦. ਅਕਾਲ ਪੁਰਖ। ੬੧. ਮਾਤ ਲੋਕ। ੬੨. ਵਰਨਣ ਕਰਦਾ ਹਾਂ। ੬੩. ਜਿਸ ਤਰ੍ਹਾਂ ਮੈਨੂੰ ਲਿਆਂਦਾ ਗਿਆ। ੬੪. ਸਤ ਚੋਟੀਆਂ। ੬੫. ਪਾਂਡੂ ਰਾਜੇ ਯੁਧਿਸ਼ਟਰ। ੬੬. ਅਕਾਲ ਪੁਰਖ। ੬੭. ਸਭ ਦਾ ਰਚਨਹਾਰ ਹੈ ਵਾਹਿਗੁਰੂ ਤੇ ਉਹੋ ਹੈ ਸਭ ਦਾ ਨਾਸ਼ ਕਰਨੇ ਵਾਲਾ।



ਤਾਤ ਮਾਤ ਮੁਰ[68] ਅਲਖ ਅਰਾਧਾ ॥ ਬਹੁ ਬਿਧਿ ਜੋਗ ਸਾਧਨਾ ਸਾਧਾ ॥੩॥
ਤਿਨ ਜੋ ਕਰੀ ਅਲਖ ਕੀ ਸੇਵਾ ॥ ਤਾਤੇ ਭਏ ਪ੍ਰਸੰਨ ਗੁਰਦੇਵਾ ॥
ਤਿਨ ਪ੍ਰਭ ਜਬ ਆਇਸ[69] ਮੁਹਿ ਦੀਆ ॥ ਤਬ ਹਮ ਜਨਮ ਕਲੂ[70] ਮਹਿ ਲੀਆ ॥੪॥
ਚਿਤ ਨ ਭਯੋ ਹਮਰੋ ਆਵਨ ਕਹ ॥ ਚੁਭੀ ਰਹੀ ਸੁਰਤ ਪ੍ਰਭ ਚਰਨਨ ਮਹਿ ॥
ਜਿਉ ਤਿਉ ਪ੍ਰਭ ਹਮ ਕੋ ਸਮਝਾਯੋ ॥ ਇਮ[71] ਕਹਿਕੈ ਇਹ ਲੋਕ ਪਠਾਯੋ ॥੫॥

ਸੋ ਕਲਜੁਗ ਵਿਚ ਰਬੀ ਕਮਾਮ ਲੈ ਕੇ, ਰਬੀ ਹੁਕਮ ਵਿਚ ਆਉਣ ਤੋਂ ਪਹਿਲੇ ਜਿਥੇ ਸਤਿਗੁਰੂ ਜੀ ਇਕ ਅਕਾਲ ਪੁਰਖ ਦੀ ਅਰਾਧਨਾ ਕੀਤੀ, ਉਸ ਥਾਂ ਦੀ ਖੋਜ ਮੁਢ ਕਦੀਮ ਤੋਂ ਹੀ ਗੁਰਸਿਖਾਂ ਦੀ ਭਾਲ ਦਾ ਵਿਸ਼ਾ ਸੀ।

ਦਸਮੇਸ਼ ਪਿਤਾ ਜੀ ਦਾ ਆਪਣਾ ਜੀਵਨ..."ਇਤਨੀਆਂ ਮਹਾਂ ਕਰਨੀਆਂ ਨਾਲ ਭਰਿਆ ਪਿਆ ਹੈ। ਐਸੀਆਂ ਕਠਨਾਈਆਂ ਦਰਪੇਸ਼ ਆਈਆਂ ਜਿਨ੍ਹਾਂ ਦਾ ਇਲਾਜ ਯਕਦਮ ਕਰਨਾ ਪਿਆ ਸੀ। ਇਕ ਦੂਜੇ ਦੇ ਮਗਰ ਉਹ ਮਹਾਂ-ਉਚ ਕਰਤਵ ਆਪਣੇ ਆਪ ਵਿਚ ਅਨੇਕ ਅਸਰਾਂ ਨਾਲ ਭਰੇ ਹੋਏ ਸਨ, ਉਨ੍ਹਾਂ ਵਿਚ ਦਿਲ ਹਿਲਾ ਦੇਣ ਵਾਲੀ ਥਰ੍ਹਾਹਟ, ਜੋਸ਼, ਤਸੀਹੇ, ਉਕਸਾਹਟ ਤੇ ਬੀਰ-ਰਸ ਸਾਂਝੇ ਹਨ, ਉਹ ਸਮਾਂ ਇਤਿਹਾਸ ਦਾ ਇਕ ਐਸਾ ਨਾਜ਼ਕ ਦੌਰ ਹੈ ਕਿ ਜਿਸ ਵੇਲੇ ਹੋਣੀ ਆਪ ਨਾਜ਼ਕ ਮਕਾਮ ਪਰ ਸਾਹ ਘੁਟੀ ਬੈਠੀ ਸੀ।"

—ਮੈਸੇਜ ਆਫ ਗੁਰੂ ਗੋਬਿੰਦ ਸਿੰਘ
ਡਾਕਟਰ ਬਲਬੀਰ ਸਿੰਘ, ਪੀ.ਐਚ.ਡੀ. (ਲੰਡਨ)

੬੮. ਮੇਰੇ ਮਾਤਾ ਪਿਤਾ ਨੇ ਨ ਲਿਖੇ ਜਾਣ ਵਾਲੇ ਵਾਹਿਗੁਰੂ ਦੀ ਅਰਾਧਨਾ ਕੀਤੀ ਤੇ ਕਈ ਪਰਕਾਰ ਰਬ ਨਾਲ ਜੁੜਨ ਵਾਲੇ ਤਰੀਕਿਆ—ਯੋਗ ਦੀ ਮਿਹਨਤ ਕੀਤੀ। ਉਹ ਰਬ ਨਾਲ ਜੁੜਨ ਦੇ ਸਾਧਨ ਹਠ-ਯੋਗ ਦੀ ਕ੍ਰਿਆਵਾਂ ਨਹੀਂ ਸਨ। ਪਰ ਮਨ ਵਸ ਕਰਮ ਕਰਕੇ ਸਾਈਂ ਸਮਰਪਤ ਸੇਵਾ ਸੀ। ਆਪ ਗੁਰੂ ਜੀ ਅਗਲੀਆਂ ਦੋ ਪੰਕਤੀਆ ਵਿਚ ਫੁਰਮਾਂਦੇ ਹਨ :—
ਤਿਨ ਜੋ ਕਰੀ ਅਲਖ ਕੀ ਸੇਵਾ ॥ ਤਾ ਤੇ ਭਏ ਪ੍ਰਸੰਨ ਗੁਰਦੇਵਾ ॥
੬੯. ਆਗਿਆ। ੭੦. ਕਲਜੁਗ। ੭੧. ਇਸ ਤਰ੍ਹਾਂ।

ਭਲਾ, ਐਸੇ ਸਮੇਂ ਪਰ ਕਿਸਨੂੰ ਸਮਾਂ ਸ੍ਰੀ ਹੇਮਕੁੰਟ ਸਾਹਿਬ ਦੀ ਭਾਲ ਦਾ ਮਿਲ ਸਕਦਾ ਸੀ ? ਪਰ ਇਹ ਗਲ ਸਿਖ-ਦਿਲ ਵਿਚ ਨਪੀ-ਘਟੀ ਬੈਠੀ ਤਾਂਘਦੀ ਰਹੀ । ਸਾਰੇ ਇਤਿਹਾਸਕਾਰਾਂ ਨੇ ਇਸ ਦਾ ਵਰਨਣ ਕੀਤਾ ਹੈ । ਕਵੀ ਸੰਤੋਖ ਸਿੰਘ ਜੀ ਨੇ ਅਤਿ ਰੋਚਕ ਢੰਗ ਵਿਚ ਉਥੋਂ ਦਾ ਦ੍ਰਿਸ਼ ਕਲਪਤ ਕਰਕੇ ਉਥੇ ਸਾਰੇ ਹੀ ਫਲ ਬੂਟੇ ਗਿਣ ਲਏ ਹਨ । ਭਾਈ ਵੀਰ ਸਿੰਘ ਜੀ ਨੇ ਉਚਾਈ ਨੂੰ ਮੁਖ ਰਖਕੇ ਇਕ ਵਿਗਿਆਨ-ਕਾਰੀ ਵਰਨਣ ਦਿਤਾ ਹੈ । ਹੋਰ ਅਨੇਕਾਂ ਲੇਖਕਾਂ ਨੇ ਇਹ ਸਮਾਚਾਰ ਲਿਖੇ ਹਨ । ਪਰ ਸਭ ਤੋਂ ਪਹਿਲੇ ਜਿਸ ਵਿਦਵਾਨ ਨੇ ਖੋਜ ਕੀਤੀ ਉਹ ਹਨ ਤਾਰਾ ਸਿੰਘ ਜੀ ਨਰੋਤਮ । ਆਪ ਭਾਲ ਕਰਦੇ ਉਥੇ ਗਏ, ਜਿਥੋਂ ਦੀ ਕਿ ਮਹਾਂਭਾਰਤ ਦੇ 'ਆਦਿ ਪਰਬ ਦੇ ਅਧਿਆਇ ੧੧੯' ਸੂੰਹ ਦੇਂਦੇ ਸਨ :–

**ਰਾਜ ਪੁਤ੍ਰਸਟ ਕੌਰਵੇ : ਪਾਂਡੂ ਮੂਲ ਫਲਾਸ਼ਨ**
**ਜੁਗਮ ਸਹ ਪਤਨੀ ਭਯਾਂ ਤਤੋ ਨਾਗਸ਼ਤੋ ਗਿਰਿਮ ।੪੭।**

**ਸਚੇਤਰਥ ਮਾ ਸਾਧ ਕਾਲ ਕੂਟ ਮਤੀਤਯਚ ।**
**ਹਿਮਵੰਤ ਮਤਿ ਕ੍ਰਮਯ ਪ੍ਰਪਯੌ ਗੰਧ ਮਾਦਨਮ ।੪੮।**

**ਰਦਯ ਮਾਣੋ ਮਹਾ ਭੂਤੈ : ਸਿਧੈਸ਼ਚ ਧਰਮ ਰਿਖਿਭ ।**
**ਉਵਾਸਸ ਮਹਾਰਾਜ ਸੁਮੇਖ ਵਿਖਮ ਖੁਚ ।੪੯।**

**ਇੰਦ੍ਰ ਦਯੁਮਨ ਸਰ : ਪ੍ਰਾਪਯ ਹੇਮ ਕੂਟ ਮਤੀਤਚਯ ।**
**ਸ਼ਤ ਸ੍ਰਿੰਗੇ ਮਹਾਰਾਜ ਤਾਪਸ : ਸਮ ਤਪਯਤ ।੫੦।**

**(ਆਦਿ ਪਰਬ ਅਧਿਆਇ : ੧੧੯)**

'ਹੇ ਕੌਰਵੰਸ਼ੀ ! ਪੰਡ ਰਾਜ ਤਦੋਂ ਕੰਦ ਮੂਲ (ਫਲ ਤੇ ਜੜ੍ਹਾਂ) ਦਾ ਆਹਾਰ ਕਰਦੇ ਆਪਣੀ ਦੋ ਪਤਨੀਆਂ ਦੇ ਨਾਲ 'ਨਾਗਸ਼ਟ' ਪਹਾੜ ਪਾਰ ਕਰ ਗਏ । ੪੭ ।



ਕੁਛ ਦਿਨ ਉਥੇ ਠਹਿਰ ਕੇ, ਚਤਰਥ ਪਰ ਸਵਾਰ ਹੋ ਕੇ ਉਹ ਚਲ ਪਏ, ਕਾਲ । ਕੂਟ ਪਹਾੜ ਪਿਛੇ ਛੋੜ ਕੇ, ਉਹ ਹਿਮਾਲਯ ਵਿਚ ਗੰਦ ਮਾਦਮ ਪਹੁੰਚੇ । ੪੮ । ਮਹਾਂ ਭੂਤ, ਸਿਧ ਤੇ ਮਹਾਂ ਰਿਸ਼ੀ ਮਹਾਰਾਜ ਦੀ ਰਖਿਆ ਕਰਦੇ ਸਨ ਜਦ ਉਹ ਸਮ-ਭੂਮੀ ਪਰ ਕੁਝ ਸਮੇਂ ਲਈ ਠਹਿਰੇ । ੪੯ ।

ਉਥੋਂ ਉਹ ਇੰਦਰ ਦਯੁਮਨ ਕੁੰਟ ਪਰ ਪਹੁੰਚੇ । ਹੇਮ ਕੂਟ ਦੇ ਪਹਾੜ ਤੋਂ ਲੰਘ ਕੇ ਆਪ ਸਪਤ ਸ੍ਰਿੰਗ ਪਹੁੰਚੇ ਤੇ ਉਥੇ ਤਪਸਵੀ ਦੇ ਰੂਪ ਵਿਚ ਕਠਨ ਤਪ ਕਰਨ ਲਗੇ ।"

(ਮਹਾਂ ਭਾਰਤ ਪਹਿਲਾ ਪਰਬ, ਅਧਿਆਇ ੧੧੯)

ਗਿਆਨੀ ਤਾਰਾ ਸਿੰਘ ਨਰੋਤਮ ਗੰਧ ਮਾਧਿਅਮ ਦੇ ਪਹਾੜ, ਜਿਸ ਪਰ ਬਦਰੀਨਾਥ ਬਣਿਆ ਹੈ, ਉਥੇ ਪੁਜ ਕੇ ਪੰਡਕੇਸ਼ਵਰ ਨਾਮ ਦਾ ਟਿਕਾਣਾ ਲਭ ਲਿਆ ਤੇ ਪੁਰਾਣੇ ਨਿਸ਼ਾਨ ਲਭ ਕੇ ਆਪ ਹੇਮਕੁੰਟ ਸਾਹਿਬ ਦਾ ਟਿਕਾਣਾ ਸਹੀ ਕਰ ਲਿਆ, ਜਿਥੇ ਕਿ ਕਦੀਮ ਤੋਂ ਇਕ ਥੜਾ ਬਣਿਆ ਹੋਇਆ ਸੀ । ਆਪ ਨੇ ਇਸ ਖੋਜ ਦਾ ਸਾਰਾ ਹਾਲ ਆਪਣੇ ਗ੍ਰੰਥ, 'ਗੁਰ ਤੀਰਥ ਸੰਗ੍ਰਹਿ' ਵਿਖੇ ਲਿਖਿਆ ਹੈ ।

ਭਾਈ ਵੀਰ ਸਿੰਘ ਜੀ ਨੇ ਸ੍ਰੀ ਹੇਮਕੁੰਟ ਸਾਹਿਬ ਦੀ ਸਾਰੀ ਹੋਈ ਖੋਜ ਵੀਚਾਰੀ ਤੇ ਸ੍ਰੀ ਨਰੋਤਮ ਜੀ ਦਾ ਲਭਿਆ ਟਿਕਾਣਾ ਠੀਕ ਮੰਨਿਆ । ਸੰਤ ਸੋਹਣ ਸਿੰਘ ਜੀ ਟੀਹਰੀ (ਗੜ੍ਹਵਾਲ) ਵਾਲਿਆਂ ਨੇ ਸੰਨ ੧੯੩੨ ਵਿਚ ਜਦ ਸ੍ਰੀ ਕਲਗੀਧਰ ਚਮਤਕਾਰ ਦਾ ਪਹਿਲਾ ਕਾਂਡ 'ਹੇਮਕੁੰਟ ਤੋਂ ਸਚਖੰਡ' ਪੜ੍ਹਿਆ ਤਾਂ ਆਪ ਦੇ ਮਨ ਵਿਚ ਇਸ ਪਵਿਤਰ ਧਰਤੀ ਨੂੰ ਭਾਲਣ ਦੀ ਤੀਬਰ ਇਛਾ ਪੈਦਾ ਹੋਈ । ੧੯੩੪ ਵਿਚ ਆਪ ਨੇ ਇਸ ਪਵਿਤ੍ਰ ਅਸਥਾਨ ਦੇ ਪਹਿਲੀ ਵੇਰ ਦਰਸ਼ਨ ਕੀਤੇ ਤਦ ਆਪ ਦੇ ਮਨ ਵਿਚ ਸੰਕਲਪ ਦ੍ਰਿੜ ਹੋ ਗਿਆ ਕਿ ਤਪ-ਅਸਥਾਨ ਪਰ ਯਾਦਗਾਰੀ ਗੁਰਦੁਆਰਾ ਕਾਇਮ ਕਰਨ ।

ਇਸ ਲਗਨ ਵਿਚ ਆਪ ਦਾ ਮੇਲ ਭਾਈ ਵੀਰ ਸਿੰਘ ਜੀ ਨਾਲ ਹੋ

ਗਿਆ। ਉਨ੍ਹਾਂ ਨੇ ਮੁੜ ਖੋਜ ਕਰ ਕਰਵਾ ਕੇ ਸਹੀ ਕੀਤਾ ਕਿ ਜਿਸ ਅਸਥਾਨ ਦੇ ਸੰਤ ਸੋਹਣ ਸਿੰਘ ਜੀ ਦਰਸ਼ਨ ਕਰ ਆਏ ਹਨ, ਉਹ ਠੀਕ ਟਿਕਾਣਾ ਹੈ। ਤਦ ਉਨ੍ਹਾਂ ਨੇ ਸੰਤ ਜੀ ਨੂੰ ਸ੍ਰੀਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ, ਲੋੜੀਂਦਾ ਸਾਮਾਨ, ਤੰਬੂ ਤੇ ਹੋਰ ਚੀਜ਼ਾਂ ਦੇ ਕੇ ਪਿੰਡ ਟੋਰਿਆ ਇਹ ਬਚਨ ਕਰਕੇ ਕਿ ਜਦ ਉਹ ਮੌਸਮ ਠੀਕ ਹੋਣ ਪਰ ਰਿਖੀਕੇਸ਼ ਪਹੁੰਚ ਜਾਣਗੇ ਰਕਮ ਘਲੀ ਜਾਵੇਗੀ। ਸੋ ਭਾਈ ਸਾਹਿਬ ਨੇ ਪਹਿਲੇ ਦੋ ਹਜ਼ਾਰ ਰੁਪੈ ਘਲੇ, ਫੇਰ ਹੋਰ ਰਕਮਾਂ ਘਲਦੇ ਰਹੇ ਜਿਸਦੇ ਨਾਲ ੧੦′×੧੦′ ਦਾ ਗੁਰਦਵਾਰਾ ਸਾਹਿਬ ਬਣਾਇਆ ਗਿਆ। ਸੰਤ ਸੋਹਣ ਸਿੰਘ ਜੀ ਨਾਲ ਹਵਾਲਦਾਰ ਬਾਬਾ ਮੋਦਨ ਸਿੰਘ ਵੀ ਸਨ। ਅਕਤੂਬਰ ੧੯੩੬ ਵਿਚ ਇਹ ਹਰੀ ਮੰਦਰ ਸਾਹਿਬ ਸੰਪੂਰਨ ਹੋਇਆ।

## ਹਵਾਲਦਾਰ ਬਾਬਾ ਮੋਦਨ ਸਿੰਘ

ਅਗਲੇ ਸਾਲ ਜਦ ਅਗਸਤ ਸਤੰਬਰ ਵਿਚ ਸੰਤ ਸੋਹਣ ਸਿੰਘ ਜੀ ਯਾਤਰਾ ਪਰ ਗਏ ਤਦ ਆਪਣੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਉਹ ਬੀੜ ਵੀ ਲੈ ਗਏ, ਜੋ ਭਾਈ ਵੀਰ ਸਿੰਘ ਜੀ ਨੇ ਭੇਟਾ ਕੀਤੀ ਸੀ। ਆਪ ਨੇ ਇਲਾਕੇ ਦੇ ਲੋਕ ਜਮਾ ਕਰਕੇ ਭਾਰੀ ਉਤਸਵ ਕਰਕੇ ਸ੍ਰੀ ਗੁਰੂ ਗਰੰਥ ਸਾਹਿਬ ਦੀ ਬੀੜ ਅਸਥਾਪਤ ਕੀਤੀ ਤੇ ੧੩ ਫਰਵਰੀ, ੧੯੩੯ ਨੂੰ ਸ੍ਰੀ ਅੰਮ੍ਰਿਤਸਰ ਵਿਚ ਸੰਤੁਸ਼ਟ ਮਨ ਗੁਰ ਗੋਦੀ ਵਿਚ ਜਾ ਸਮਾਏ। ਇਧਰ ਹਵਾਲਦਾਰ ਮੋਦਨ ਸਿੰਘ ਜੀ ਦਰਸ਼ਨ ਕਰਕੇ ਐਸੇ ਪਰਭਾਵਤ ਹੋਏ ਜੋ ਉਨ੍ਹਾਂ ਜੀਵਨ ਦੇ ੨੫ ਸਾਲ ਇਸ ਗੁਰਧਾਮ ਦੀ ਸੇਵਾ ਵਿਚ ਸਫਲ ਕਰ ਦਿਤੇ।

ਜਿਥੇ ਹੇਮ ਗੰਗਾ ਤੇ ਅਲਖ ਨੰਦਾ ਦੋ ਨਦੀਆਂ ਮਿਲਦੀਆਂ ਹਨ ਉਥੇ ਜ਼ਮੀਨ ਲੈ ਕੇ ਆਪ ਨੇ ਗੁਰਦਵਾਰਾ ਗੋਬਿੰਦ ਘਾਟ ਬਣਾਇਆ। ਫਿਰ ਫਲਾਵਰ ਵੈਲੀ ਵਿਚ ੧੦੫੦੦ ਫੁਟ ਸਤਹ ਸਮੁੰਦਰ ਦੀ ਉਚਾਈ ਤੇ ਘਾਂਘਰੀਆ ਦੇ ਮੁਕਾਮ ਪਰ ਆਲੀਸ਼ਾਨ ਗੁਰਦਵਾਰਾ 'ਗੋਬਿੰਦ ਧਾਮ' ਬਣਾਇਆ। ਮਾਰਚ ੧੯੬੦ ਵਿਚ ਆਪ ਨੇ 'ਦੀ ਗੁਰਦਵਾਰਾ ਸ੍ਰੀ



ਹੇਮਕੁੰਟ ਸਾਹਿਬ ਮੈਨੇਜਮੈਂਟ ਟਰਸਟ' ਬਣਾ ਸ੍ਰੀ ਹੇਮਕੁੰਟ ਸਾਹਿਬ ਤੇ ਸੰਬੰਧਤ ਗੁਰਦੁਆਰਿਆਂ ਦਾ ਪ੍ਰਬੰਧ ਪੰਥ ਨੂੰ ਸੌਂਪ ਦਿਤਾ ਤੇ ਇਸ ਤੋਂ ਕੋਈ ੯ ਮਹੀਨਿਆਂ ਮਗਰੋਂ ਦਸੰਬਰ ੧੯੬੦ ਵਿਚ ਆਪ ਆਪਣੇ ਪਿੰਡ ਲਖਨਪੁਰ (ਪੰਜਾਬ) ਵਿਚ ਅਕਾਲ-ਚਲਾਣਾ ਕਰ ਗਏ।

ਆਪ ਇਕ ਨਿਸ਼ਕਾਮ ਸੇਵਕ ਸਨ ਜੋ ਆਪਣੀ ਪੈਨਸ਼ਨ ਵਿਚ ਗੁਜ਼ਾਰਾ ਕਰਕੇ, ਪੰਥ ਵਲੋਂ ਆਈ ਮਾਇਆ ਗੁਰਧਾਮਾ ਪਰ ਲਗਾਉਂਦੇ ਤੇ ਹਰ ਵਕਤ ਯਾਤਰੂਆਂ ਦੇ ਸੁਖ ਸਹੂਲਤ ਦੀ ਵਾਧੇ ਦੀ ਸੋਚ ਵਿਚ ਰਹਿੰਦੇ ਸਨ। ਆਪਣਿਆਂ ਖੇਤਾਂ ਦਾ ਅਨਾਜ ਲਿਆ ਕੇ ਲੰਗਰ ਵਿਚ ਸਫਲ ਕਰਦੇ ਸਨ। ਇਸ ਲਗਨ ਨਾਲ ਕੀਤੀ ਸੇਵਾ ਦੀ ਸ਼ੁਕਰ ਗੁਜ਼ਾਰੀ ਵਿਚ ੧੯੬੧ ਤੋਂ ਸੰਗਤਾਂ ਹਰ ਸਾਲ ਇਕ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਆਪ ਜੀ ਦੇ ਗੁਰੂ ਚਰਨਾਂ ਵਿਚ ਸਦੈਵੀ ਨਿਵਾਸ ਲਈ ਗੁਰਦੁਆਰਾ ਗੋਬਿੰਦ ਘਾਟ ਵਿਖੇ ਪਾਉਂਦੀਆਂ ਹਨ।



ਸ੍ਰੀ ਹੇਮ ਕੁੰਟ ਸਾਹਿਬ ਜਾਣ ਲਗਿਆਂ ਅਲਖਨੰਦਾ ਪਾਰ ਕਰਨ ਲਈ ਜੋ ਲਕੜੀ ਦਾ ਪੁਲ ਬਣਿਆ ਹੈ ਇਹ ਵੀ ਆਪ ਦੀ ਮਿਹਨਤ ਦਾ ਸਦਕਾ ਹੈ ਜੋ ਆਪ ਜੀ ਦੀ ਪੈਰਵੀ ਕਰਨ ਪਰ ਪੀ. ਡਬਲਯੂ. ਡੀ. ਨੇ ਸ਼ੀਘਰ ਹੀ ਬਣਾ ਦਿਤਾ ਸੀ।

ਸੇਵਕ ਕਉ ਸੇਵਾ ਬਨਿ ਆਈ।
ਹੁਕਮੁ ਬੂਝਿ ਪਰਮ ਪਦੁ ਪਾਈ।।

ਧੰਨ ਸਿਖੀ!
ਧੰਨ ਸਿਖੀ!!
ਧੰਨ ਸਿਖੀ!!!

# ਦੋ ਚਿਰੰਜੀਵੀ ਜੋਗੀ ਰਾਜ

'ਸ੍ਰੀ ਹੇਮਕੁੰਟ ਸਪਤ ਸ੍ਰਿੰਗ' ਟ੍ਰੈਕਟ ਨੰ: ੧੧੭੦ ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ ਦੇ ਪੰਨਾ ੨੨-੨੪ ਪਰ ਲਿਖਿਆ ਹੈ :–



"ਸੰਤ ਸੋਹਣ ਸਿੰਘ ਜੀ ਇਹ ਵੀ ਦੱਸਿਆ ਕਰਦੇ ਸਨ ਕਿ ਮੈਂ ਜਦ ਉਥੇ ਸੇਵਾ ਵਿਚ ਰੁਝ ਰਿਹਾ ਸਾਂ ਤਾਂ ਇਕ ਅਵਧੂਤ ਚਿਰੰਜੀਵੀ ਜੋ ਪਰਮ ਬ੍ਰਿਧ ਸਨ ਤੇ ਨਗਨ ਵਿਚਰਦੇ ਸਨ ਅਤੇ ਉਨ੍ਹਾਂ ਦੇ ਸਾਰੇ ਸਰੀਰ ਤੇ ਚਿੱਟੇ ਰੋਮ ਸ਼ੋਭ ਰਹੇ ਸਨ, ਮੈਨੂੰ ਇਸ ਟਿਕਾਣੇ ਮਿਲੇ। ਮੈਂ ਉਥੋਂ ਦੇ ਵਾਸੀਆਂ ਪਾਸੋਂ ਅਗੇ ਇਹ ਸੁਣ ਚੁਕਾ ਸਾਂ ਕਿ ਇਕ ਚਿਰੰਜੀਵੀ ਜੋਗੀਰਾਜ ਜੀ ਇਸ ਕਿਸਮ ਦੇ ਰੂਪ ਵਿਚ ਇਧਰ ਵਿਚਰਦੇ ਹਨ ਤੇ ਉਹ ਬਹੁਤ ਘੱਟ ਬੋਲਦੇ ਹਨ ਤੇ ਕਿਸੇ ਨੂੰ ਕੁਝ ਨਹੀਂ ਕਹਿੰਦੇ। ਜੇ ਕਿਸੇ ਭਾਗਾਂ ਵਾਲੇ ਨੂੰ ਮਿਲ ਪੈਣ ਤੇ ਉਸ ਪਰ ਕੋਈ ਮੇਹਰ ਕਰਨੀ ਹੋਵੇ ਤਾਂ ਹੱਥ ਉੱਚਾ ਚੁੱਕ ਕੇ ਅਸੀਸ ਦੇ ਕੇ ਲੰਘ ਜਾਂਦੇ ਹਨ। ਜਦ ਉਹ ਇਕ ਦਿਨ ਅਚਾਨਕ ਮੇਰੇ ਪਾਸ ਆਏ, ਮੈਂ ਨਮਸਕਾਰ ਕੀਤੀ, ਉਨ੍ਹਾਂ ਨੇ ਹੱਥ ਉੱਚਾ ਚੁੱਕ ਕੇ ਅਸੀਸ ਦਿਤੀ ਤੇ ਮੁਖ ਤੋਂ ਭੀ ਬੋਲੇ।



"ਸ਼ਾਬਾਸ਼! ਤੁਮ ਅੱਛਾ ਕਰ ਰਹੇ ਹੋ, ਯਹੀ ਹੈ, ਯਹੀ ਹੈ, ਗੁਰੂ ਕਾ ਅਸਥਾਨ ਠੀਕ ਯਹੀ ਹੈ।"

ਹੌਲਦਾਰ ਮੋਦਨ ਸਿੰਘ ਜੀ ਦਸਦੇ ਹਨ ਕਿ ਇਕ ਹੋਰ ਜੋਗੀ ਰਾਜ ਬਦਰੀ ਨਾਥ ਤੋਂ ਅਗੇ ਵਸੂਧਾਰਾ ਵਿਚ ਰਿਹਾ ਕਰਦੇ ਸਨ। ਇਨ੍ਹਾਂ ਦਾ ਦੇਹਾਂਤ ਕੁਝ ਸਾਲ ਬੀਤੇ ਵਸੂਧਾਰਾ ਵਿਚ ਹੋਇਆ ਹੈ। ਉਹ ਵੀ ਬਰਫਾਂ ਵਿਚ ਨਗਨ ਰਿਹਾ ਕਰਦੇ ਸਨ ਤੇ ਬਹੁਤ ਕਰਕੇ ਉਨ੍ਹਾਂ ਨੂੰ ਸਮਾਧੀ ਸਥਿਤ ਹੀ ਦੇਖੀਦਾ ਸੀ। ਲੋਕੀ ਭੋਜਨ ਪਦਾਰਥ ਕੋਲ ਰਖ ਜਾਂਦੇ, ਪਰ ਉਥੇ ਪਏ ਭੋਜਨ ਉਤੇ ਮਿਟੀਆਂ ਜੰਮ ਜਾਂਦੀਆਂ ਉਹ ਕਦੇ ਖਾਂਦੇ ਨਹੀਂ ਵੇਖੇ ਗਏ, ਨਾ ਹੀ ਬਸਤਰ ਕੋਈ ਪਹਿਨਦੇ ਸਨ। ਇਕ ਸਾਲ ਮੈਂ ਇਕ ਕੰਬਲ ਭੇਟ ਕਰ ਆਇਆ, ਅਗਲੇ ਸਾਲ ਗਿਆ ਤਾਂ ਉਸ ਦੇ ਪਾਟੇ ਹੋਏ ਚੀਥੜੇ ਉਥੇ ਪਏ ਸਨ ਤੇ ਆਪ ਉਸੇ ਤਰ੍ਹਾਂ ਨੰਗੇ ਸਮਾਧੀ ਲੀਨ ਸਨ। ਜਦ ਸਮਾਧੀ ਤੋਂ ਉਥਾਨ ਹੁੰਦੇ ਤਾਂ ਅਨੇਕ ਬਾਰ ਉਨ੍ਹਾਂ ਨਾਲ ਵਾਰਤਾਲਾਪ ਵੀ ਵੀ ਕੀਤੇ। ਉਹ ਪੁਰਾਣਕ ਕਥਾਵਾਂ ਸੁਣਾਇਆ ਕਰਦੇ ਸਨ ਤੇ ਏਥੋਂ ਦੀਆਂ ਤੇ ਪਰਬਤਾਂ ਦੇ ਪੁਰਾਣਕ ਸੰਬੰਧਾਂ ਦੀ ਚੋਖੀ ਵਾਕਫੀ ਰਖਦੇ ਸਨ। ਓਹ ਵੀ ਇਹ ਸਾਖ ਭਰਿਆ ਕਰਦੇ ਸਨ ਕਿ

'ਹਾਂ ਗੁਰੂ ਕਾ ਸਥਾਨ ਯਹੀ ਹੈ, ਜਹਾਂ ਗੁਰੂ ਜੀ ਨੇ ਬਹੁਤ ਸਮਾਂ ਤਪੱਸਿਆ ਕੀ ਹੈ। ਹਮਾਰੇ ਪੂਰਵਜ ਗੁਰੂ ਯਹੀ ਅਸਥਾਨ 'ਤਪੱਸ੍ਰੀ ਰਾਜ ਗੁਰੂ ਅਸਥਾਨ ਕਹਿ ਕਰ ਪੂਜਨ ਕੀਆ ਕਰਤੇ ਥੇ।'

ਹੌਲਦਾਰ ਜੀ ਦਸਦੇ ਹਨ ਕਿ ਉਹ ਸਾਡੇ ਇਸ ਜਗ੍ਹਾ ਗੁਰ ਧਾਮ ਕਾਇਮ ਕਰਨ ਤੇ ਬੜੇ ਪ੍ਰਸੰਨ ਸਨ ਤੇ ਅਸੀਸਾਂ ਦਿਆ ਕਰਦੇ ਸਨ। ਹੌਲਦਾਰ ਜੀ ਦਸਦੇ ਹਨ ਕਿ ਇਉਂ ਦੋ ਪੁਰਾਤਨ ਚਿਰੰਜੀਵੀ ਜੋਗੀਆਂ ਦੀਆਂ ਸਾਖਾਂ ਤੇ ਅਸੀਸਾਂ ਵੀ ਇਸ ਤਪੋ-ਧਾਮ ਦੇ ਕਾਇਮ ਕਰਨ ਵਿਚ ਉਤਸ਼ਾਹ-ਵਧਾਊ ਸਾਡੀਆਂ ਸਹਾਇਕ ਹੋਈਆਂ।"

# ਉਪਦੇਸ਼

## ਸ੍ਰੀ ਗੁਰੂਨਾਨਕ ਦੇਵ ਜੀ—ਸ੍ਰੀ ਗੁਰੂ ਗੋਬਿੰਦਸਿੰਘ ਜੀ

ਸਭਨਾਂ ਜੀਵਾਂ ਤੇ ਸਾਰੀ ਰਚਨਾ ਦਾ ਕਰਤਾ ਇਕ ਅਕਾਲ ਪੁਰਖ ਵਾਹਿਗੁਰੂ ਹੈ । ਉਸ ਦਾ ਕੋਈ ਰੂਪ, ਰੇਖ, ਨਕਸ਼, ਨੈਨ ਨਹੀਂ । ਉਹ ਰਚਨਾ ਰਚ ਕੇ ਛੱਡ ਕੇ ਲਾਂਭੇ ਨਹੀਂ ਹੋ ਜਾਂਦਾ ਸਗੋਂ ਸਾਰੀ ਰਚਨਾ ਵਿਚ ਆਪ ਵਸਦਾ ਹੈ —

"ਕੁਦਰਤਿ ਕਰਕੇ ਵਸਿਆ ਸੋਇ ॥

ਤੇ ਸਾਰੇ ਜੀਵਾਂ ਦੇ ਧੁਰ ਅੰਦਰ ਆਪ ਬਰਾਜਮਾਨ ਹੈ । ਸਾਰਿਆਂ ਨੂੰ ਦੇਣਹਾਰ ਆਪ ਦਾਤਾ ਹੈ । ਆਪਣੀ ਵਿਉਂਤ ਅਨੁਸਾਰ ਸਭ ਨੂੰ

ਬੀਓ ਪੂਛਿ ਨ ਮਸਲਤਿ ਧਰੈ ॥
ਜੋ ਕਿਛੁ ਕਰੈ ਸੁ ਆਪਹਿ ਕਰੈ ॥

ਅਰਥਾਤ—ਹੋਰ ਕਿਸੇ ਪਾਸੋਂ ਪੁਛ ਕੇ ਉਹਦੀ ਦਸੀ ਮਸਲਤ ਨਾਲ ਕੰਮ ਨਹੀਂ ਕਰਦਾ ਸਗੋਂ ਜੋ ਕੁਛ ਵੀ ਕਰਦਾ ਹੈ ਆਪਣੀ ਸਵੈ ਇਛਾ ਨਾਲ ਕਰਦਾ ਹੈ ਕਿਉਂਕਿ ਉਹ ਨਿਰਭੈ ਹੈ—ਜੇ ਕਰ ਕੋਈ ਉਸ ਤੋਂ ਵਡਾ ਹੋਵੇ ਤਦ ਤਾਂ ਉਹ ਭੈ ਮੰਨੇ ? ਫਿਰ ਉਹਦਾ ਕਿਸੇ ਨਾਲ ਵੈਰ ਨਹੀਂ ? ਸਾਰੇ ਉਹਦੇ ਆਪਣੇ ਰਚੇ ਹੋਏ ਹਨ, ਉਹ ਸ਼ਰੀਕਾ ਕਿਸ ਨਾਲ ਕਰੇ, ਕਾਲ ਵੀ ਉਹਦਾ ਕੀਤਾ ਹੈ, ਉਹ ਆਪ ਅਜ਼ਲੀ ਹੋਂਦ ਹੈ ਕਾਲ ਉਸ ਨੂੰ ਗ੍ਰਸ ਨਹੀਂ ਸਕਦਾ । 'ਅਕਾਲ' ਹੋਣ ਕਰਕੇ ਉਹ 'ਨਹੀਂ' ਨਹੀਂ ਹੈ ਪਰ ਸਚਮੁਚ ਦੀ ਹਸਤੀ ਵਾਲਾ ਹੈ । ਉਹਦੀ ਹਸਤੀ ਐਸੀ ਹੈ ਜੋ ਗਰਭ ਵਿਚ ਨਹੀਂ



ਆਉਂਦੀ, ਉਹ ਜੂਨੀਂ ਨਹੀਂ ਪੈਂਦਾ । ਜਿਵੇਂ ਉਹ ਆਪਣੇ ਆਪ ਵਜੂਦ ਧਾਰਦਾ ਹੈ ਅਰਥਾਤ ਜਿਵੇਂ ਉਹਦੀ ਹੋਂਦ ਆਪਣੇ ਆਪ ਤੋਂ ਹੈ ਤਿਵੇਂ ਹੀ ਉਹਦਾ ਪਰਕਾਸ਼ ਆਪਣੇ ਆਪ ਤੋਂ ਹੈ । ਉਹਦੀ ਚੇਤਨਤਾ ਕਿਸੇ ਪਰ ਆਧਾਰਤ ਨਹੀਂ, ਆਪਣੇ ਆਪ ਤੋਂ ਹੈ । ਐਸਾ ਹੈ ਅਕਾਲ ਪੁਰਖ ਪਰਮੇਸ਼ਰ ਜਿਸ ਨੂੰ ਮਿਲਣਾ ਹੈ ਹਰੇਕ ਪ੍ਰਾਣੀ ਨੇ ਤੇ ਉਹ ਮਿਲਦਾ ਹੈ ਗੁਰੂ ਮਿਹਰ ਨਾਲ ।

## ਗੁਰੂ

ਸਭ ਤੋਂ ਵਡੇ ਗੁਰੂ ਸਤਿਗੁਰੂ ਨਾਨਕ ਦੇਵ ਜੀ ਹਨ । ਇਹ ਗਲ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਆਖੀ ਹੈ ਤੇ ਇਹ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਲਿਖੀ ਹੈ :—

**ਸਭ ਤੇ ਵਡਾ ਸਤਿਗੁਰ ਨਾਨਕੁ**
**ਜਿਨਿ ਕਲ ਰਾਖੀ ਮੇਰੀ ॥**

ਜਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਰਖ ਕੀਤੀ ਤਦ ਉਸ ਸੁਧਾਈ ਵਿਚ ਪਾਵਨ ਲਹਿਣਾ ਜੀ ਟਿਕੇ । ਤਿਨ੍ਹਾਂ ਵਿਚ ਆਪਣੀ ਜੋਤ ਰਖ ਕੇ, ਸ੍ਰੀ ਗੁਰੂ ਨਾਨਕ ਦੇਵ ਜੀ ਨੇ, ਆਪਣੀ ਥਾਵੇਂ ਉਹਨਾਂ ਨੂੰ ਗੁਰੂ ਥਾਪਿਆ । ਪੰਜ ਪੈਸੇ ਨਰੇਲ ਅਗੇ ਰਖ ਕੇ ਮੱਥਾ ਟੇਕਿਆ, ਜਿਸ ਨੂੰ ਆਪ ਆਦਿ ਗੁਰੂ ਜੀ ਨੇ ਸੋਧ ਕੇ ਪਰਖ ਕੇ ਹੀਨੇ ਹਯਾਤ ਅਰਥਾਤ ਆਪਣੀ ਆਯੂ ਵਿਚ ਗੁਰੂ ਥਾਪਿਆ, ਉਸ ਅਗੇ ਸਾਰਾ ਸਿਖੀ ਮੰਡਲ ਝੁਕ ਗਿਆ । ਸੋ ਰੂਹਾਨੀ ਸਲਤਨਤ ਦੇ ਦੁਇਮ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਹੋਏ ਤੇ ਫੇਰ ਇਹ ਸਿਲਸਿਲਾ ਦਸਵੇਂ ਪਾਤਸ਼ਾਹ ਤਕ ਲਗਾਤਾਰ ਚਲਦਾ ਰਿਹਾ, ਹਰ ਸਤਿਗੁਰੂ ਜੀ, ਅਮਰਤਾ ਪਰਵੇਸ਼ ਤੋਂ ਪਹਿਲੇ, ਆਪਣੀ ਜੋਤ ਅਗਲੇ ਜਾਮੇ ਵਿਚ ਧਰ ਕੇ ਆਪ ਗੁਰੂ ਬਣਾਉਂਦੇ ਰਹੇ । ਦਸਾਂ ਪਾਤਸ਼ਾਹਾਂ ਦੇ ਨਾਮ ਤੇ ਅਵਤਾਰ ਧਾਰਨ ਤੇ ਜੋਤੀ ਜੋਤ ਸਮਾਉਣ ਦੇ ਸਮੇਂ:—

| | | | |
|---|---|---|---|
| ੧. ਪਹਿਲੀ | ਪਾਤਸ਼ਾਹੀ | ਸ੍ਰੀ ਗੁਰੂ ਨਾਨਕ ਦੇਵ ਜੀ | (੧੪੬੯—੧੫੩੮) |
| ੨. ਦੂਜੀ | ,, ,, | ਅੰਗਦ ਦੇਵ ਜੀ | (੧੫੦੪—੧੫੫੨) |
| ੩. ਤੀਜੀ | ,, ,, | ਅਮਰ ਦਾਸ ਜੀ | (੧੪੭੯—੧੫੭੪) |
| ੪. ਚੌਥੀ | ,, ,, | ਰਾਮ ਦਾਸ ਜੀ | (੧੫੩੪—੧੫੮੧) |
| ੫. ਪੰਜਵੀਂ | ,, ,, | ਅਰਜਨ ਦੇਵ ਜੀ | (੧੫੬੩—੧੬੦੬) |
| ੬. ਛੇਵੀਂ | ,, ,, | ਹਰਿ ਗੋਬਿੰਦ ਸਾਹਿਬ ਜੀ | (੧੫੯੫—੧੬੪੫) |
| ੭. ਸਤਵੀਂ | ,, ,, | ਹਰਿ ਰਾਏ ਜੀ | (੧੬੩੧—੧੬੬੧) |
| ੮. ਅਠਵੀਂ | ,, ,, | ਹਰਿ ਕ੍ਰਿਸ਼ਨ ਜੀ | (੧੬੫੬—੧੬੬੪) |
| ੯. ਨੌਵੀਂ | ,, ,, | ਤੇਗ ਬਹਾਦਰ ਜੀ | (੧੬੨੨—੧੬੭੫) |
| ੧੦. ਦਸਵੀਂ | ,, ,, | ਗੋਬਿੰਦ ਸਿੰਘ ਜੀ | (੧੬੬੬—੧੭੦੮) |

## ਮੁਕੰਮਲ ਇਨਸਾਨ

ਦਾ ਮਾਡਲ ਪਰਗਟਾਉਣ ਲਈ ਦਸਵੇਂ ਜਾਮੇ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁਖ ਮਾਤ੍ਰ ਦੇ ਸਿਖੀ ਮੰਡਲ, ਜਿਸ ਪਰ ਆਪ ਨੌਂ ਜਾਮਿਆਂ ਵਿਚ ਮਿਹਨਤ ਕਰ ਚੁਕੇ ਸੀ, ਦੀ ਪਰਖ ਕੀਤੀ ।

ਪਹਿਲਾ ਪਰਤਾਵਾ ਪੰਡਤਾਂ ਦਾ ਲਿਆ ਗਿਆ । ਇਕ ਬ੍ਰਹਮ ਭੋਜ ਇਹ ਕਹਿ ਕੇ ਕੀਤਾ ਗਿਆ "ਜੋ ਮਾਸ ਖਾਵੇ ਉਹਨੂੰ ਇਕ ਅਸ਼ਰਫੀ ਤੇ ਜੋ ਆਪਣਾ ਵੈਸ਼ਨਵ ਨੀਜਮ ਪਾਲਦਾ ਦਾਲ-ਸਾਗ ਖਾਵੇ ਉਹਨੂੰ ਇਕ ਰੁਪਿਆ ਮਿਲੇਗਾ ।" ਅਸ਼ਰਫੀ ਦੇ ਲਾਲਚ ਵਿਚ ਬਹੁਤੇ ਬ੍ਰਾਹਮਣਾਂ ਨੇ ਮਾਸ ਖਾਧਾ । ਜੋ ਥੋੜੇ ਆਪਣੇ ਧਰਮ ਵਿਚ ਪਕੇ ਨਿਕਲੇ ਉਹਨਾਂ ਨੂੰ ਇਕ ੨ ਰੁਪਿਆ ਦਿਤਾ ਨਾਲ ਪੰਜ ਅਸ਼ਰਫੀਆਂ ਇਨਾਮ ਦਿਤੀਆਂ, ਪਰ ਇਨ੍ਹਾਂ ਵਿਚ ਦੀਨ ਦੁਖੀ ਲਈ ਧਰਮ ਯੁਧ ਵਿਚ ਕੁਰਬਾਨੀ ਕਰਨੇ ਦਾ ਸਾਹਸ ਨਾ ਸੀ ।

ਦੂਜਾ ਪਰਤਾਵਾ ਦੇਵੀ ਉਪਾਸ਼ਕਾਂ ਦਾ ਲਿਆ । ਇਹ ਕਹਿੰਦੇ ਸੀ—ਵਿਧੀ ਪੂਰਵਕ ਹੋਮ ਕਰਨ ਪਰ ਦੇਵੀ ਪਰਗਟ ਹੋ ਕੇ ਮਲੇਛਾਂ ਦਾ ਨਾਸ਼ ਕਰੇਗੀ ਪਰ



ਠੰਡਾ ਸਾਹ ਭਰਦੇ ਕਿ ਕੌਣ ਐਡੀ ਸਮੱਗਰੀ ਦੇਂਦਾ ਹੈ ? ਸਤਿਗੁਰੂ ਜੀ ਨੇ ਭਾਰਤ ਦੇ ਸਭ ਤੋਂ ਵਡੇ ਹੋਤੇ, ਕੇਸ਼ੋ ਦਾਸ, ਨੂੰ ਮੂੰਹ ਮੰਗੀ ਰਸਦ ਦਿਤੀ ਤੇ ਉਹਨੂੰ ਕੋਲ ਬਿਠਾ ਉਹਦੀ ਦਸੀ ਪੂਰਨ ਵਿਧੀ ਅਨੁਸਾਰ ਹਵਨ ਕੁੰਡ ਵਿਚ ਸਮੱਗਰੀ ਪਾਉਂਦੇ ਰਹੇ ਉਹਦੇ ਦਸੇ ਮੰਤਰ ਦਾ ਰਟਨ ਹੁੰਦਾ ਰਿਹਾ । ਪਰ ਪਥਰ ਦੀ ਮੂਰਤ ਵਿਚ ਨ ਜਿੰਦ ਪੈਣੀ ਸੀ ਨ ਪਈ । ਕੇਸ਼ੋ ਦਾਸ ਹਵਨ ਫਲੀਭੂਤ ਨ ਹੁੰਦਾ ਵੇਖ ਕੇ ਖਿਸਕ ਗਿਆ, ਸਤਿਗੁਰੂ ਜੀ ਨੇ ਬਾਕੀ ਦੀ ਸਾਰੀ ਸਮੱਗਰੀ ਹਵਨ ਕੁੰਡ ਵਿਚ ਪਾ ਦਿਤੀ ਤੇ ਤਲਵਾਰ ਸੂਤ ਕੇ ਕਿਹਾ—ਇਹ ਹੈ ਦੇਵੀ ਜੋ ਸਰਬ ਕਾਲ ਸਰਬ ਠੌਰ ਰਛਿਆ ਕਰਦੀ ਹੈ ।

ਤੀਜਾ ਪਰਤਾਵਾ ਯੋਗੀਆਂ, ਸੰਨਿਆਸੀਆਂ ਦਾ ਸੀ । ਇਹਨਾਂ ਦੇ ਭੇਖ ਵਿਚ ਬਹੁਤੇ ਤਾਂ ਦੰਭੀ ਸੀ ਜੋ ਸਿਧੀਆਂ ਦਿਖਾਉਣ ਦੇ ਬਹਾਨੇ ਫਰੇਬੀ ਮਦਾਰੀ ਬਣ ਕੇ ਰਹਿ ਗਏ ਸਨ । ਜੋ ਕੁਝ ਭਲੇ ਸਨ, ਉਹ ਇਕਾਂਤ ਵਾਸ ਛਡ ਕੇ ਜਗਤ ਦੀ ਪੀੜਾ ਹਰਨ ਲਈ ਕੁਰਬਾਨੀ ਲਈ ਤਿਆਰ ਨ ਹੋਏ ।

ਚੌਥੀ ਪਰਖ ਹਿੰਦੂ ਰਾਜਿਆਂ ਦੀ ਸੀ ! ਉਹਨਾਂ ਨੂੰ ਸਤਿਗੁਰੂ ਜੀ ਨੇ ਸ੍ਰੀ ਅਨੰਦਪੁਰ ਤੇ ਰਵਾਲਸਰ 'ਕਠਾ ਕਰ ਕੇ ਕਿਹਾ, "ਪਰਜਾ ਦੁਖੀ ਹੈ । ਹਾਲੇ ਵੀ ਹਿੰਦ ਦੇ ਤੀਜੇ ਹਿੱਸੇ ਪਰ ਰਾਜ ਤੁਹਾਡਾ ਹੈ । ਇਕ ਮੁਠ ਹੋ ਕੇ ਭਾਰਤ ਆਜ਼ਾਦ ਕਰਾਓ ।" ਪਰ ਇਹ ਹਥਿਆਰਬੰਦ ਸੈਨਾਵਾਂ ਦੇ ਮਾਲਕ, ਆਪਣੇ ਨਿਜੀ ਸੁਖ ਸਾਮਾਨ, ਭਾਰਤ ਦੀ ਕਲਿਆਨ ਲਈ, ਨਾ ਤਿਆਗ ਸਕੇ ਤੇ ਨਾ ਹੀ ਨੀਵੀਆਂ ਜਾਤਾਂ ਨਾਲ ਇਕੋ ਸੰਗਤ ਤੇ ਪੰਗਤ ਵਿਚ ਬੈਠਣਾ ਮੰਨੇ ।

ਪੰਜਵਾਂ ਪਰਤਾਵਾ ਸਿਖੀ ਦੇ ਆਗੂ ਮਸੰਦਾਂ ਦਾ ਸੀ । ਇਹ ਚੌਥੇ ਪਾਤਸ਼ਾਹ ਦੇ ਸਮੇਂ ਤੋਂ ਥਾਪੇ ਹੋਏ ਗੁਰਮੁਖ ਸਨ ਜੋ 'ਨਾਮ, ਦਾਨ, ਇਸ਼ਨਾਨ' ਦੀ ਘਾਲ ਘਾਲਦੇ ਸਤਿਗੁਰੂ ਜੀ ਦੇ ਬਖਸ਼ ਨਾਮ ਦੀ ਜਾਗ ਲਾਉਂਦੇ. ਜਗਿਆਸੂਆ ਨੂੰ ਦੀਪ ਮਾਲਾ, ਵੈਸਾਖੀ ਆਦਿ ਸਮਿਆ ਪਰ ਸਤਿਗੁਰੂ ਜੀ ਪਾਸ ਲਿਆਉਂਦੇ ਸਨ । ਜੋ ਸਿਖ ਸੰਗਤਾਂ ਆਪ ਨਹੀਂ ਸਨ ਪੁਜ ਸਕਦੀਆਂ, ਉਹ ਇਹਨਾ ਹਥੀਂ ਦਸਵੰਧ ਭੇਜਦੀਆਂ ਸਨ । ਮਾਇਆ ਪਹੁੰਚਾਣ ਦੇ ਕਾਰਜ ਵਿਚ, ਲਾਲਚ ਵਸ ਹੋ ਕੇ, ਬਹੁਤੇ ਮਸੰਦਾਂ ਦੀਆਂ ਪਸ਼ਤਾਂ ਗਿਰਾਵਟ ਵਿਚ ਆ ਗਈਆਂ ਸਨ ਸੋ ਸਤਿਗੁਰੂ ਜੀ ਨੇ ਇਹਨਾਂ ਨੂੰ ਵੀ ਤਿਆਗ ਦਿਤਾ ਤੇ ਸਿਖ ਗੁਰੂ ਸਬਧ ਸਿਧਾ ਕਰ ਦਿਤਾ ।

ਛੇਵਾਂ ਪਰਤਾਵਾ ਲੈਣ ਲਈ ਹੁਕਮਨਾਮੇ ਘਲ ਕੇ ਦੇਸ਼ਾਂ ਦਿਸ਼ਾਂਤਰਾਂ ਤੋਂ ਸਿਖ ਵੈਸਾਖੀ ਪਰ ਬੁਲਾਏ। ਅੱਸੀ ਹਜ਼ਾਰ ਦੇ ਇਕੱਠ ਵਿਚ ਚਾਨਚਕ ਸਤਿਗੁਰੂ ਜੀ ਨੇ ਤਲਵਾਰ ਸੂਤ ਲਈ ਤੇ ਸਿੰਘ ਨਾਦ ਹੋਇਆ, "ਮੇਰੇ ਕਹਿਲਾਣ ਵਾਲਿਓ ! ਸੀਸ ਭੇਟ ਕਰੋ" ਸ਼ੁਕਰ ਹੈ ਜੋ ਪੰਜ ਨਿਤਰੇ–

੧. ਲਾਹੌਰ ਦੇ ਖਤਰੀ, ਭਾਈ ਦਇਆ ਰਾਮ ਜੀ।

੨. ਹਸਨਪੁਰ ਦੇ ਜਟ, ਭਾਈ ਧਰਮ ਦਾਸ ਜੀ।

੩. ਦਵਾਰਕਾ ਦੇ ਛੀਂਬੇ, ਭਾਈ ਮੁਹਕਮ ਚੰਦ ਜੀ।

੪. ਜਗਨ ਨਾਥ ਪੁਰੀ ਦੇ ਝੀਵਰ, ਭਾਈ ਹਿੰਮਤ ਚੰਦ ਜੀ।

੫. ਬਿਦਰ ਦੇ ਨਾਈ, ਭਾਈ ਸਾਹਿਬ ਰਾਮ ਜੀ।

ਇਹਨਾਂ ਸਿਰ ਭੇਟ ਕਰਨ ਵਾਲੇ ਪੰਜ ਕੁਰਬਾਨੀ ਪੁੰਜ ਤੇ ਆਪਾ-ਵਾਰ ਪਿਆਰਿਆਂ ਨੂੰ ਸਤਿਗੁਰੂ ਜੀ ਨੇ ਲੋਹੇ ਦੇ ਬਾਟੇ ਵਿਚ, ਦੋ-ਧਾਰੇ ਖੰਡੇ ਨਾਲ, ਇਕ ਅਕਾਲ ਪੁਰਖ ਦੀ ਉਸਤਤ ਦੀ ਬਾਣੀ–ਸ੍ਰੀ ਜਪੁਜੀ, ਜਪੁ ਸਾਹਿਬ, ਸਵਯੈ, ਚੌਪਈ, ਅਨੰਦ ਸਾਹਿਬ–ਇਕਾਗਰ ਚਿਤ ਨਾਲ ਉਚਾਰ ਕੇ, ਉਹ ਰੂਹ ਅੰਮ੍ਰਿਤ ਜਲ ਵਿਚ ਹਲੂਲ ਕੀਤੀ ਜਿਸ ਨੇ ਪੀਣ-ਹਾਰਿਆਂ ਨੂੰ ਅਮਰ ਕਰ ਦਿਤਾ। ਆਪੋ ਵਿਚ ਪ੍ਰੇਮ ਦੀ ਵਰਤੋਂ ਲਈ ਮਾਤਾ ਜੀ ਨੇ ਪਤਾਸੇ ਪਾ ਕੇ ਇਹਦੇ ਵਿਚ ਏਕਤਾ ਦੀ ਮਿਠਾਸ ਪਾ ਦਿਤੀ। ਅਜਰ ਆਤਮ ਰਸ ਜਰਨ ਲਈ ਸਤਿਗੁਰੂ ਜੀ ਨੇ ਨਵਾਂ ਬੋਲਾ ਰਚਿਆ–

ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫਤਹਿ !

ਖਾਲਸਾ ਵਾਹਿਗੁਰੂ ਜੀ ਦਾ ਹੈ, ਵਾਹਿਗੁਰੂ ਜੀ ਦੀ "ਫਤਹਿ" ਸਦਾ ਕਦਮ ਚੁੰਮੇਗੀ ਸੋ ਖਾਲਸੇ ਦੀ ਹਰ ਥਾਂ, ਹਰ ਮਕਾਮ, ਹਰ ਸਮੇਂ ਜੋ ਫਤਹਿ ਸਦਾ ਤੇ ਨਿਸ਼ਚੇ ਹੋਣੀ ਹੈ ਉਹ ਵਾਹਿਗੁਰੂ ਜੀ ਦੀ ਫਤਹਿ ਹੈ ਤਾਂ ਤੇ ਖਾਲਸਾ ਸਦਾ ਸ਼ੁਕਰ ਕਰੇ ਜੋ ਵਾਹਿਗੁਰੂ ਜੀ ਨੇ ਇਸ ਨੂੰ ਆਪਣਾ ਬਣਾਇਆ ਹੈ।



ਇਹ "ਵਾਹਿਗੁਰੂ ਸਮਰਪਤ" ਮਨੁਖ ਦਾ ਨਮੂਨਾ ਮੁਕੰਮਲ ਕੀਤਾ, ਜਿਸ ਦਾ ਸ਼ਬਦ-ਚਿਤ੍ਰ ਭਾਈ ਵੀਰ ਸਿੰਘ ਜੀ ਨੇ ਐਉਂ ਖਿਚਿਆ ਹੈ–

ਨੂਰੀ ਚੇਹਰਾ, ਸੁਹਣੀ ਨੁਹਾਰ,
ਅੰਗ ਨਕਸ਼ ਇਕੋ ਜਿਹੇ, ਸਰੀਰ ਸਡੌਲ,
ਸਿਰ ਤੇ ਕੇਸ ਤੇ ਤੇਜ ਵਾਲੀ ਦਸਤਾਰ, ਮੱਥਾ ਲਿਸ਼ਕਦਾ
ਨੈਣ ਚਮਕਦੇ ਤੇ ਪਿਆਰ ਭਰੇ,
ਗਲਾਂ ਸਿਉ ਵਰਗੀਆਂ ਸ਼ੋਖ ਪਰ ਮਿਠਾਸ ਵਾਲੀਆਂ,
ਬੁਲ ਸੂਹੇ ਪਰ ਉਨਾਬਾਂ ਵਰਗੇ ਸ਼ੀਰੀਂ'ਦਾਰ,
ਪਯਾਰੀ ਪਯਾਰੀ ਦਾਹੜੀ,
ਛਾਤੀ ਚੌੜੀ ਤੇ ਤਕੜੀ,
ਡੌਲੇ ਭਰਵੇਂ ਤੇ ਜ਼ੋਰਦਾਰ, ਬਾਹਾਂ ਲੰਮੀਆਂ,
ਲਕ ਸ਼ੇਰ ਵਾਂਗੂ ਕਸਿਆ ਹੋਇਆ,
ਲਤਾਂ ਭਾਰੇ ਭਾਰ ਦੇ ਸਹਿਨ ਵਾਲੀਆਂ ਤੇ ਫੁਰਤੀ ਭਰੀਆਂ,
ਦਿਲ ਵਿਚ ਬਹਾਦਰੀ ਦੀ ਚਮਕਾਰ ਪਰ ਜ਼ੋਰ ਜ਼ੁਲਮ ਨਹੀਂ,
ਉਤਸ਼ਾਹ ਦਾ ਉਛਾਲਾ ਪਰ ਗੁੱਸਾ ਨਹੀਂ,
ਜ਼ੱਬਾ ਰੋਅਬ, ਪਰ ਨਿਆਉਂ ਦਾ ਤਕੜ ਅਡੋਲ,
ਪਿਆਰ ਪਰ ਖਚਤ ਨਹੀਂ,
ਉਪਕਾਰ ਪਰ ਉਪਰਾਮਤਾ ਅੰਦਰ,
ਗ੍ਰਹਸਤ ਪਰ ਉਦਾਸੀ ਦੀ ਲਹਿਰ,
ਤਿਆਗ ਪਰ ਹੁਕਮ ਹਾਸਲ,
ਫਕੀਰੀ ਪਰ ਦਿਲਗੀਰੀ ਨਹੀਂ,
ਤਲਵਾਰ ਹਥ ਹੈ ਪਰ ਦਯਾਲ ਸੂਰਤ,
ਨਾਲ ਕਲਮ ਭੀ ਹੱਥ ਹੈ, ਪਰ ਨਿਆਂ ਤੇ ਰਹਿਮ ਵਾਲੀ।
ਗਲ ਅੰਗਾ ਤੇ ਕਮਰ ਕੱਸਾ ਹੈ, ਤੇਜ਼ ਕੱਛ ਹੈ,
ਬਲ ਦੇ ਹੀਰਿਆਂ ਦਾ ਭੁਚੱਟਾ ਡੌਲੇ ਬੱਧਾ ਹੈ,

ਪਰ ਸੀਨੇ ਵਿਚ ਨਾਮ ਦਮਕ ਜ਼ੋਰਦਾਰ ਹੈ,
ਦਿਲ ਵਿਚ ਨਕਸ਼ਾ ਕੋਮਲਤਾਈ ਤੇ ਰਸ ਭਰੀ ਸੁੰਦਰਤਾ ਦਾ ਹੈ,
ਪਰ ਦਿਮਾਗ ਵਿਚ ਨਕਸ਼ਾ ਵਿਵੇਕ ਦਾ ਹੈ,
ਜ਼ੋਰ ਹੈ, ਆਪੇ ਤੇ ਭਰੋਸਾ ਬੇਮੁਹਤਾਜੀ ਹੈ,
ਮੱਥੇ ਤੇ ਰੇਖਾਂ ਹਨ ਜਿਨ੍ਹਾਂ ਵਿਚ ਅਗੰਮੀ ਅੱਖਰ ਲਿਖੇ ਹਨ :–

## "ਚੜ੍ਹਦੀਆਂ ਕਲ੍ਹਾਂ"

'ਸਦਾ ਚੜ੍ਹਦੀਆਂ ਕਲ੍ਹਾਂ' ਵਾਲੇ ਮਨੁਖ ਜਾਤੀ ਦੇ ਸਰਦਾਰ ਜੀ ਦੇ ਲਛਣ ਆਪ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਐਉਂ ਲਿਖੇ ਹਨ :–

**ਜਾਗਤ ਜੋਤਿ ਜਪੈ ਨਿਜ ਬਾਸੁਰ[1] ਏਕ ਬਿਨਾ ਮਨ ਨੈਕ[2] ਨ ਆਨੈ ॥**
**ਪੂਰਨ ਪ੍ਰੇਮ ਪ੍ਰਤੀਤ ਸਜੈ ਗੋਰ ਮੜ੍ਹੀ ਮਟ ਭੂਲ[3] ਨ ਮਾਨੈ ॥**
**ਤੀਰਥ[4] ਦਾਨ ਦਇਆ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ ॥**
**ਪੂਰਨ ਜੋਤ ਜਗੈ ਘਟਿ ਮਹਿ ਤਬ ਖਾਲਸ ਤਾਹਿ ਨਖਾਲਸ ਜਾਨੈ ॥**

੧. ਦਿਨ ਰਾਤ ਪਰਕਾਸ਼ ਸਰੂਪ ਚੇਤਨ ਵਾਹਿਗੁਰੂ ਦਾ ਜਾਪ ਜਪਦਾ ਹੈ। ੨. ਮਨ ਵਿਚ ਇਕ ਅਕਾਲ ਪੁਰਖ ਤੋਂ ਬਿਨਾਂ ਦੂਜਾ ਨਹੀਂ ਲਿਆਉਂਦਾ। ੩. ਭੁਲ ਕੇ ਵੀ ਕਬਰ, ਮੜ੍ਹੀ, ਮਠ ਨਹੀਂ ਮੰਨਦਾ। ਉਹਦਾ ਪੂਰਨ-ਪਿਆਰ ਤੇ ਭਰੋਸਾ ਇਕ ਪਰਮੇਸ਼ਵਰ ਵਿਚ ਹੈ। ੪. ਤੀਰਥ, ਦਾਨ, ਦਇਆ, ਤਪ, ਸੰਜਮ ਪਰ ਉਹਦੀ ਟੇਕ ਨਹੀਂ। ਉਹਦਾ ਭਰੋਸਾ ਇਕ ਵਾਹਿਗੁਰੂ ਵਿਚ ਹੈ। ਇਕ ਵਾਹਿਗੁਰੂ ਦੀ ਪ੍ਰਸੰਸਾ ਹੀ ਉਹਦੇ ਜੀਵਨ ਦਾ ਨਿਸ਼ਾਨਾ ਹੈ। ਇਕ ਰਬ ਬਿਨਾਂ ਉਹ ਕਿਸੇ ਇਕ ਨੂੰ ਭੀ ਨਹੀਂ ਮੰਨਦਾ। ਜਦ ਪਰੀ ਪੂਰਨ ਪਰਮਾਤਮਾ ਦੀ ਜੋਤ ਉਹਦੇ ਹਿਰਦੇ ਵਿਚ ਜਗ ਪੈਂਦੀ ਹੈ ਤਦੇ ਹੀ ਉਹ ਖਾਲਸਾ ਪਦ ਤੇ ਪੁਜਦਾ ਹੈ ਤੇ ਪੂਰਨ ਖਾਲਸਾ ਪ੍ਰਮਾਤਮਾ ਨੂੰ ਲੱਭ ਲੈਂਦਾ ਹੈ।



## ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।

ਸ੍ਰੀ ਗੁਰੂ ਨਾਨਕ ਦੇਵ ਜੀ "ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ ॥" ਤਦ ਆਪਣੀ ਜੋਤ ਉਹਨਾਂ ਵਿਚ ਰਖ ਕੇ ਆਪਣੀ ਥਾਵੇਂ ਗੁਰੂ ਬਣਾਇਆ। ਇਸੇ ਤਰ੍ਹਾਂ ਪਰਖ ਵਿਚ ਪੂਰੇ ਨਿਤਰੇ ਪੰਜਾਂ ਪਿਆਰਿਆਂ ਪਾਸੋਂ ਦਸ਼ਮੇਸ਼ ਪਿਤਾ ਜੀ ਨੇ ਆਪ ਅੰਮ੍ਰਿਤ ਛਕਿਆ।*

ਫੇਰ ਸਮਾਂ ਆਇਆ ਜਦ ਸਤਿਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਪੰਥ ਨੂੰ ਜੁਗੋ ਜੁਗ ਅਟਲ ਗੁਰਿਆਈ ਬਖਸ਼ੀ।

## ਸਿਖੀ ਦੇ ਮੋਟੇ ਅਸੂਲ

੧. ਇਕ ਅਕਾਲ ਪੁਰਖ ਦੀ ਉਪਾਸ਼ਨਾ।

ਮੂਲ ਮੰਤਰ :– ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਦਾ ਅਭਿਆਸ ਕਰਕੇ "ਵਾਹਿਗੁਰੂ" ਜੀ ਦੇ ਗੁਣ-ਸਰੂਪ ਨੂੰ ਹਿਰਦੇ ਵਿਚ ਵਸਾਉਣਾ। ਸ੍ਰੀ ਸੰਥਯਾ ਪੋਥੀ ਪਹਿਲੀ ਵਿਚ ਭਾਈ ਵੀਰ ਸਿੰਘ ਜੀ ਨੇ ਬੜੇ ਵਿਸਥਾਰ ਵਿਚ ਜੋ ਵਿਆਖਿਆ ਕੀਤੀ ਹੈ ਉਹ ਇਕ ਸਿਖੀ ਦੀ ਭਾਰੀ ਲੋੜ ਦੀ ਪੂਰਤੀ ਹੈ। ਹਰੇਕ ਸਿਖ ਨੂੰ ਵਾਹਿਗੁਰੂ ਜੀ ਦੀ ਏਕਤਾ, ਸਦਾ ਥਿਰਤਾ, ਕਰਤਾਰਤਾ, ਹਰ ਹਿਰਦੇ ਵਿਚ ਵਿਆਪਕਤਾ, ਨਿਰਭੈਤਾ, ਨਿਰਵੈਰਤਾ, ਕਾਲ-ਰਹਿਤ ਹੋਂਦ ਤੇ ਸਵੈ ਪ੍ਰਕਾਸ਼ਤਾ ਦਾ ਗਿਆਨ ਤੇ ਗੁਰੂ ਜੀ ਦੀ ਮਿਹਰ ਪਰਾਪਤ ਕਰਨ ਦੀ ਪੂਰੀ ਸਮਝ ਚਾਹੀਦੀ ਹੈ। ਇਸ ਸਮਝ ਨਾਲ ਅੰਮ੍ਰਿਤ ਛਕਣ ਸਮੇਂ ਜਦ ਪੰਜ ਪਿਆਰੇ ਨਾਮ ਦੀ ਕਣੀ ਦਾਨ ਦੇਂਦੇ

*ਉਸੇ ਦਿਨ ਵੀਹ ਹਜ਼ਾਰ ਸਿਖਾਂ ਨੇ ਅੰਮ੍ਰਿਤ ਪਾਨ ਕੀਤਾ, ਇਹ ਗਲ ਔਰੰਗਜ਼ੇਬ ਦੇ ਰੋਜ਼ਨਾਮਚਾ ਨਵੀਸ ਨੇ ਅੱਖੀਂ ਵੇਖੀ ਰੀਪੋਰਟ ਵਿਚ ਲਿਖੀ ਹੈ।

ਹਨ, ਉਹ ਫਿਰ ਲਗਾਤਾਰੀ ਹੋ ਬਣ ਜਾਂਦੀ ਹੈ। ਇਹ "ਊਠਤ ਬੈਠਤ ਸੋਵਤ ਨਾਮ ॥" ਤੇ "ਜਪਿ ਜਨ ਸਦਾ ਸਦਾ ਦਿਨੁ ਰੈਣੀ ॥ ਸਭ ਤੇ ਊਚ ਨਿਰਮਲ ਇਹ ਕਰਣੀ।" ਹੈ। ਤੇ ਨਾਮ ਰਸਮਈ ਹੁੰਦਾ ਹੈ ਬਾਣੀ ਦੀ ਵਿਚਾਰ ਨਾਲ। ਸਾਡੇ ਜਨਮ ਦਾ ਪ੍ਰਯੋਜਨ ਹੀ ਹੈ–ਆਇਓ ਸੁਨਨ ਪੜਨ ਕਉ ਬਾਣੀ ॥

ਕਈ ਵਿਦਵਾਨਾਂ ਨੂੰ ਸ਼ੰਕਾ ਹੈ ਕਿ ਸਤਿਗੁਰੂ ਜੀ ਦੇ ਤਪ ਕਰਨ ਦਾ ਜੋ ਜ਼ਿਕਰ ਹੈ, ਉਹ ਕਿਸੇ ਹੋਰਸ ਦੀ ਘਾੜਤ ਹੋਵੇ। ਉਹ ਤਪ ਦਾ ਅਰਥ "ਹਠ-ਜੋਗ" ਦੇ ਸਾਧਨ ਕਰਦੇ ਹਨ, ਪਰ ਇਹ ਠੀਕ ਨਹੀਂ। ਭਾਈ ਗੁਰਦਾਸ ਜੀ ਨੇ ਭੀ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਲਿਖਿਆ ਹੈ–

ਭਾਰੀ ਕਰੀ ਤਪਸਿਆ ਵਡੇ ਭਾਗੁ ਹਰਿ ਸਿਉ ਬਣਿ ਆਈ।

ਤੇ ਇਸ ਦਾ ਭਾਵ ਗਿਆਨੀ ਹਜ਼ਾਰਾ ਸਿੰਘ ਜੀ ਤੇ ਭਾਈ ਵੀਰ ਸਿੰਘ ਜੀ ਨੇ ਐਉਂ ਲਿਖਿਆ ਹੈ–

"ਤਪਸਯਾ ਤੋਂ ਮਤਲਬ ਪ੍ਰੇਮਾ-ਭਗਤੀ ਤੇ ਕਠਨ ਸਾਧਨਾਂ ਤੋਂ ਹੈ, ਗੁਰੂ ਜੀ ਨੇ ਬੜੇ ਬੜੇ ਉਗਰ ਰੁਕਾਵਟਾਂ, ਕਲੇਸ਼ਾਂ ਤੇ ਅਜਮਾਇਸ਼ਾਂ ਵਿਚ ਉਹੋ ਗਲ ਸਿਰੇ ਚੜ੍ਹਾਈ ਹੈ ਕਿ ਜਿਸ ਕਰਕੇ ਵਾਹਿਗੁਰੂ ਨਾਲ ਬਣ ਆਵੇ।"–ਵਾਰਾਂ ਭਾਈ ਗੁਰਦਾਸ ਸਟੀਕ ਪੰ: ੨੧ ਵਾਰ: ੧-੨੪ ਸੋ ਦਸਮ ਪਾਤਸ਼ਾਹ ਜੀ ਦੇ ਉਚਰਾਨ।

ਇਹ ਬਿਧ ਕਰਤ ਤਪਸਯਾ ਭਯੋ ॥ ਦ੍ਵੈ ਤੇ ਏਕ ਰੂਪ ਹੋਇ ਗਯੋ ॥

ਦਾ ਅਰਥ ਭੀ ਪ੍ਰੇਮਾਂ ਭਗਤੀ ਤੇ ਕਠਨ ਸਾਧਨਾਂ ਤੋਂ ਹੈ, ਜਿਨ੍ਹਾਂ ਨਾਲ ਕਿ ਦੁਜੈਗੀ ਦਾ ਸਾਰਾ ਭਾਵ ਦੂਰ ਹੋ ਗਿਆ ਤੇ ਆਪ ਪਰਮੇਸ਼ਰ ਨਾਲ ਇਕ ਸਰੂਪ ਹੋ ਗਏ।

ਤਾਤ ਮਾਤ ਮੁਰ ਅਲਖ ਅਰਾਧਾ ॥ ਬਹੁ ਬਿਧ ਜੋਗ ਸਾਧਨਾ ਸਾਧਾ ॥

ਵਿਚ ਵੀ ਭਾਵ ਸੇਵਾ ਸਿਮਰਨ ਤੋਂ ਹੈ ਤੇ ਇਹ ਗਲ ਅਗਲੀ ਤੁਕ ਵਿਚ ਆਪ ਗੁਰੂ ਜੀ ਨੇ ਦਸੀ ਹੈ–ਤਿਨ ਜੋ ਕਰੀ ਅਲਖ ਕੀ ਸੇਵਾ ॥ ਸੋ "ਜੋਗ ਦਾ" ਮਤਲਬ 'ਹਠ-ਜੋਗ' ਲੈਣਾ ਨਿਰਾ ਖਿਚ ਹੈ।



# ਰਸਤੇ, ਦਾ ਸੰਖੇਪ ਹਾਲ

## ਹਰਦੁਵਾਰ

ਸੰਤ ਬਾਬਾ ਰਾਮ ਸਿੰਘ ਜੀ ਝਾੜੂ ਵਾਲ੍ਹਿਆਂ ਨੇ ਆਪਣਾ ਆਸ਼ਰਮ ਜੋ ਨਿਰਮਲਾ ਛਾਉਣੀ ਰੇਲਵੇ ਸਟੇਸ਼ਨ ਦੇ ਪਿਛਲੇ ਪਾਸੇ ਸਥਿਤ ਹੈ, ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰਸਟ ਨੂੰ ਵਸੀਅਤ ਕਰ ਦਿਤਾ ਹੈ। ਇਸ ਗੁਰਦੁਆਰੇ ਨਾਲ ਲਗਦੀ ਜ਼ਮੀਨ ਟਰਸਟ ਨੇ ਖਰੀਦ ਕੇ ਇਥੇ ਇਕ ਆਲੀਸ਼ਾਨ ਇਮਾਰਤ ਬਣਾਉਣੀ ਅਰੰਭ ਦਿਤੀ ਹੈ ਜਿਸ ਵਿਚ ੩੦ ਰਿਹਾਇਸ਼ੀ ਕਮਰੇ ਤੇ ਇਕ ਵੱਡਾ ਹਾਲ ਤਿਆਰ ਹੋ ਚੁੱਕਾ ਹੈ। ਇਕ ਹੋਰ ਵੱਡਾ ਹਾਲ ਦੂਸਰੀ ਮੰਜ਼ਿਲ ਤੇ ਉਸਾਰਿਆ ਜਾ ਰਿਹਾ ਹੈ। ਇਥੇ ਯਾਤਰੂਆਂ ਦੀ ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਟਰਸਟ ਵਲੋਂ ਚਲ ਰਿਹਾ ਹੈ।

## ਰਿਸ਼ੀ ਕੇਸ਼

ਹਰਦੁਵਾਰ ਤੋਂ ੧੫ ਮੀਲ ਅਗਲਾ ਪੜਾਅ ਰਿਸ਼ੀ ਕੇਸ਼ ਹੈ। ਸ੍ਰੀ ਹੇਮਕੁੰਟ ਸਾਹਿਬ ਦੀ ਪਵਿਤਰ ਯਾਤਰਾ ਪਰ ਜਾਣ ਵਾਲੇ ਸਾਰੇ ਸਜਣ ਰਿਸ਼ੀਕੇਸ਼ ਵਿਖੇ ਇਕੱਠੇ ਹੁੰਦੇ ਹਨ ੧੯੬੭ ਤੀਕ ਇਹ ਇਕੱਠ 'ਪੰਜਾਬ ਸਿੰਧ ਛੇਤਰ' ਵਿਖੇ ਹੁੰਦਾ ਸੀ। ਹੁਣ 'ਗੁਰਦਵਾਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰਸਟ' ਦਾ ਆਪਣਾ ਗੁਰਦਵਾਰਾ ਸਾਹਿਬ ਬਣ

ਗਿਆ ਹੈ ਅਤੇ ਹੁਣ ਯਾਤਰੂ ਇਸ ਗੁਰਦੁਆਰੇ ਵਿਚ ਹੀ ਠਹਿਰਦੇ ਹਨ। ਸਮਾਂ ਪਾ ਕੇ ਇਹ ਅਸਥਾਨ ਇਕ ਭਾਰੀ ਪਰਚਾਰ ਕੇਂਦਰ ਬਣ ਜਾਵੇਗਾ।*

ਰਿਸ਼ੀਕੇਸ਼ ਬਹੁਤ ਪੁਰਾਤਨ ਸ਼ਹਿਰ ਹੈ। ਇਸ ਨੂੰ ਰਿਸ਼ੀਆਂ ਦਾ ਘਰ ਕਿਹਾ ਜਾਂਦਾ ਹੈ। ਤਪਸਵੀ, ਸੰਨਿਆਸੀ ਇਕਾਂਤ ਅਭਿਆਸ ਲਈ ਇਥੇ ਆ ਟਿਕਦੇ ਹਨ। ਨਾਰਦਰਨ ਰੇਲਵੇ ਦਾ ਇਹ ਇਸ ਲਾਈਨ ਪਰ ਆਖਰੀ ਰੇਲਵੇ ਸਟੇਸ਼ਨ ਹੈ। ਗੰਗਾ ਦੀ ਏਥੇ ਕੁ ਪਹਾੜੀ ਉਤਰਾਈ ਮੁਕਦੀ ਹੈ ਤੇ ਗਹਿਬਰ ਬਨਾਂ ਤੇ ਇਕਾਂਤ ਪਹਾੜਾਂ ਵਲ ਜਾਣ ਦਾ ਰਸਤਾ ਇਥੋਂ ਅਰੰਭ ਹੁੰਦਾ ਹੈ। ਇਥੇ ਅਨੇਕਾਂ ਸਾਧੂਆਂ ਦੇ ਆਸ਼ਰਮ ਹਨ।

ਗੁਰਦੁਆਰਾ ਸ੍ਰੀ ਹੇਮਕੁੰਟ ਮੈਨੇਜਮੈਂਟ ਟਰਸਟ ਵਲੋਂ ਇਥੇ ਇਕ ਬਾਲ ਵਿਦਿਆਲਾ ਚਲਾਇਆ ਜਾ ਰਿਹਾ ਹੈ ਜਿਸ ਵਿਚ ਸੰਗੀਤ ਤੇ ਗੰਥੀ ਕਲਾਸਾਂ ਲਗਦੀਆਂ ਹਨ।

## ਦੇਵ ਪ੍ਰਯਾਗ

ਸਤਹ ਸਮੁੰਦਰ ਤੋਂ ੧੭੦੦ ਫੁਟ ਦੀ ਉਚਿਆਈ ਪਰ ਇਹ ਅਲਖਨੰਦਾ ਤੇ ਭਗੀਰਥੀ ਗੰਗਾ ਦੇ ਸੰਗਮ ਪਰ ਵਾਕਿਆ ਹੈ। ਅਲਖ-ਨੰਦਾ ਸ੍ਰੀ ਹੇਮਕੁੰਟ ਸਾਹਿਬ ਤੋਂ ਆਉਂਦੀ ਹੈ ਤੇ ਭਗੀਰਥੀ ਗੰਗਾ ਦਾ ਅਰੰਭ ਗੰਗੋਤਰੀ ਤੋਂ ਹੁੰਦਾ ਹੈ। ਇਹ ਰਮਣੀਕ ਸ਼ਹਿਰ ਹੈ।

*ਇਕ ਇਕ Sikh Seminary, ਜਿਥੇ ਅਮਲੀ ਜੀਵਨ ਵਾਲੇ ਨਾਮ ਦੇ ਰਸੀਏ ਪ੍ਰਚਾਰਕ ਤਿਆਰ ਹੋਵਣ ਲਈ ਇਕ ਅਦੁਤੀ ਆਸ਼ਰਮ ਬਣ ਸਕਦਾ ਹੈ।



## ਸ੍ਰੀ ਨਗਰ (ਗੜ੍ਹਵਾਲ)

ਰਿਸ਼ੀਕੇਸ਼ ਤੋਂ ੬੭ ਮੀਲ ਦੀ ਵਿਥ ਪਰ ਸ੍ਰੀ ਨਗਰ (ਗੜ੍ਹਵਾਲ) ਸਤਹ ਸਮੁੰਦਰ ਤੋਂ ੩੪੦੦ ਫੁਟ ਦੀ ਉਚਾਈ ਪਰ ਵਾਕਿਆ ਹੈ। ਇਥੇ ਯਾਤਰੂ ਇਕ ਰਾਤ ਆਰਾਮ ਕਰਦੇ ਹਨ। ਅਲਖ ਨੰਦਾ ਦੇ ਕਿਨਾਰੇ ਇਹ ਲੰਬਾਈ ਵਿਚ ਵਸਿਆ ਹੋਇਆ ਇਕ ਉਘਾ ਸ਼ਹਿਰ ਹੈ। ਇਥੇ ਕੋਟ ਦੁਆਰ ਤੋਂ ਬਦਰੀਨਾਥ ਜਾਣ ਵਾਲੀ ਸੜਕ ਰਿਖੀਕੇਸ਼ ਤੋਂ ਆ ਰਹੀ ਸੜਕ ਨਾਲ ਰਲ ਜਾਂਦੀ ਹੈ। ਇਹ ਦੋਨੋਂ ਰਾਹਾਂ ਦਾ ਜੰਕਸ਼ਨ ਹੋਣਾ ਇਸ ਸ਼ਹਿਰ ਦੀ ਮਹੱਤਤਾ ਨੂੰ ਵਧਾਉਂਦਾ ਹੈ।

ਇਹਦੀ ਵਾਦੀ ਬੜੀ ਖੁਲ੍ਹੀ ਤੇ ਰਮਣੀਕ ਹੈ। ਆਸ ਪਾਸ ਦੇ ਪਹਾੜਾਂ ਦਾ ਨਜ਼ਾਰਾ ਬੜਾ ਸੁੰਦਰ ਹੈ। ਇਸ ਸ਼ਹਿਰ ਦਾ ਸਿਖ ਇਤਿਹਾਸ ਨਾਲ ਇਉਂ ਸੰਬੰਧ ਹੈ ਕਿ

ਸੁਮੇਰ ਪਰਬਤ ਪਰ ਜਾਂਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਥੇ ਚਰਨ ਪਾਏ ਸਨ ਤੇ ਯਾਦਗਾਰ ਵਜੋਂ ਇਥੇ ਸਤਿਗੁਰੂ ਜੀ ਦਾ ਟਿਕਾਣਾ 'ਚਰਨ ਪਾਦਕਾ' ਨਾਮ ਦਾ ਪ੍ਰਸਿਧ ਸੀ ਜੋ ਹੜ ਆਣ ਕਰਕੇ ਸਾਰੇ ਨਗਰ ਨਾਲ ਅਲੋਪ ਹੋ ਗਿਆ। ਤੇ ਹੁਣ ਵਾਲਾ ਵਸਿਆ ਨਗਰ ਪੁਰਾਤਨ ਥਾਂ ਤੋਂ ਕੋਈ ਮੀਲ ਭਰ ਦੀ ਵਿਥ ਤੇ ਵਸਿਆ ਹੋਇਆ ਹੈ। ਪੁਰਾਤਨ ਨਗਰ ਦੇ ਖੰਡਰ ਮੌਜੂਦ ਹਨ। ਸਤਿਗੁਰੂ ਜੀ ਦਾ ਟਿਕਾਣਾ ਜੋ ਰਾਜ ਮਹਿਲ ਦੇ ਨੇੜੇ ਤੇੜੇ ਦਸਿਆ ਜਾਂਦਾ ਹੈ, ਹਾਲੇ ਖੋਜ ਤਲਬ ਹੈ। ਇਸ ਅਸਥਾਨ ਦਾ ਪ੍ਰਬੰਧ ਉਦਾਸੀਆਂ ਸੰਤਾਂ ਪਾਸ ਹੀ ਰਿਹਾ ਕਰਦਾ ਸੀ।

ਹੁਣ ਵਾਲੇ ਨਗਰ ਦੇ ਡਾਕਖਾਨੇ ਦੇ ਲਾਗੇ ਇਕ ਉਦਾਸੀ ਸਾਧੂ ਇਕ ਕੁਟੀਆ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਕਰਦੇ ਸਨ। ਉਹਨਾਂ ਪਾਸ ਦੋ ਪੁਰਾਤਨ ਬੀੜਾਂ ਹਸਤ ਲਿਖਤ, ਇਕ ਸ੍ਰੀ ਗੁਰੂ ਗਰੰਥ ਸਾਹਿਬ ਤੇ ਦੂਜੀ ਦਸਮ ਗ੍ਰੰਥ ਦੀ ਸੀ। ਦਸਮ ਗਰੰਥ ਪਰ ਲਿਖਤ ਦੀ

ਸੰਪੂਰਨਤਾ ਦਾ ਸੰਮਤ ੧੯੯੨ ਫਗਣ ਸੁਦੀ ੮ ਬੁਧਵਾਰ (੧੯੩੫ ਈਸਵੀ) ਦਿਤਾ ਹੋਇਆ ਹੈ ।

'ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰਸਟ' ਨੇ ਡੇਰੇ ਦੇ ਮਹੰਤ ਪ੍ਰਸ਼ੋਤਮ ਦਾਸ ਪਾਸੋਂ ਇਹ ਥਾਂ ਖਰੀਦ ਕੇ ਇਕ ਆਲੀਸ਼ਾਨ ਗੁਰਦਵਾਰਾ ਤੇ ਕਈ ਰਿਹਾਇਸ਼ੀ ਕਮਰੇ ਬਣਾ ਦਿਤੇ ਹਨ, ਜਿਨ੍ਹਾਂ ਵਿਚ ਦੋ ਕੁ ਸੌ ਸਜਣ ਆਰਾਮ ਨਾਲ ਰੈਣ ਬਸੇਰਾ ਪਾ ਸਕਦੇ ਹਨ ।*

ਰਾਜਾ ਫਤਹ ਸ਼ਾਹ ਗੜ੍ਹਵਾਲ ਦਾ ਰਾਜਾ ਸੀ । ਸ੍ਰੀ ਨਗਰ ਉਹਦੀ ਰਾਜਧਾਨੀ ਸੀ । ਇਹ ਸਤਿਗੁਰੂ ਜੀ ਦਾ ਮਿਤਰ ਸੀ । ਇਹਦੀ ਤੇ ਰਾਜੇ ਮੇਦਨੀ ਪ੍ਰਸ਼ਾਦਿ ਦੀ ਸਤਿਗੁਰੂ ਜੀ ਨੇ ਸੁਲਹ ਕਰਾਈ ਸੀ । ਹੁਣ ਗਲ ਇਹ ਬਣੀ ਕਿ ਰਾਜਾ ਭੀਮ ਚੰਦ ਕਹਿਲੂਰ ਵਾਲੇ ਦੇ ਪੁਤ ਨਾਲ ਰਾਜਾ ਫਤੇ ਸ਼ਾਹ ਦੀ ਧੀ ਦੀ ਸਗਾਈ ਹੋ ਗਈ । ਰਾਜਾ ਭੀਮਚੰਦ ਦੀ ਨੀਯਤ ਮਾੜੀ ਸੀ, ਉਸ ਨੇ ਫੌਜਾਂ ਨਾਲ ਸਤਿਗੁਰੂ ਜੀ ਦੇ ਕੈਂਪ (ਪਾਉਂਟਾ ਸਾਹਿਬ) 'ਚੋਂ ਜੰਞ ਦੇ ਬਹਾਨੇ ਲੰਘ ਕੇ ਲੁਟਣ ਦੀ ਸਕੀਮ ਬਣਾਈ ਸੀ ਪਰ ਸਤਿਗੁਰੂ ਜੀ ਨੇ ਆਗਿਆ ਕੇਵਲ ਦੂਲੇ ਤੇ ਉਹਦੇ ਕੁਝਕੁ ਸਾਥੀਆਂ ਨੂੰ ਲੰਘ ਜਾਣ ਦੀ ਦਿਤੀ । ਜਿਸ ਨਾਲ (ਨੀਯਤ ਦਿਨ) ਪਰ ਵਿਵਾਹ ਵੀ ਹੋ ਗਿਆ ਤੇ ਰਾਜਾ ਸ਼ਰਾਰਤ ਵੀ ਨ ਕਰ ਸਕਿਆ ।

ਇਧਰ ਸਤਿਗੁਰੂ ਜੀ ਨੇ ਰਾਜਾ ਫਤੇ ਸ਼ਾਹ ਦੀ ਮਿਤ੍ਰਤਾ ਨੂੰ ਨਿਭਾਉਂਦਿਆਂ ਆਪਣੇ ਦੀਵਾਨ ਨੰਦ ਚੰਦ ਜੀ ਦੇ ਹੱਥ ਇਕ ਲੱਖ ਰੁਪੈ ਦਾ ਤੰਬੋਲ **Marriage Gift** ਘਲਿਆ । ਰਾਜਾ ਫਤੇ ਸ਼ਾਹ ਦੀਵਾਨ ਜੀ ਨੂੰ ਸਨਮਾਨ ਦਾ ਉਤਾਰਾ ਦਿਤਾ ਤੇ ਕਿਹਾ ਕਿ ਕੁੜਮ ਦੇ ਆਉਣ ਪਰ

*ਯਾਤਰੂਆਂ ਨੂੰ ਚਾਹੀਦਾ ਹੈ ਜੋ ਟਰਸਟ ਦੀ ਦ੍ਰਿਸ਼ਟ ਗੋਚਰੀ ਕਰਕੇ ਭਾਵ ਰਿਖੀ ਕੇਸ਼ ਤੋਂ ਆਗਿਆ ਪ੍ਰਾਪਤ ਕਰਕੇ ਆਪਣੀ ਯਾਤਰਾ ਦਾ ਪਰੋਗਰਾਮ ਬਨਾਉਣ ਤਾਂ ਜੋ ਇਕ ਵਕਤ ਇਕ ਥਾਂ ਤੇ ਦੋ ਸੌ ਤੋਂ ਵਧ ਸਜਣ ਨਾਂ ਹੋਣ ਤੇ ਆਤਮਕ ਸੁਖ ਦੇ ਮੁਤਲਾਸ਼ੀਆਂ ਨੂੰ ਬਾਹਲੀ ਸਰੀਰਕ ਖੇਚਲ ਨਾਂ ਹੋਵੇ ।



ਤੰਬੋਲ ਲਵਾਂਗਾ, ਮੇਰਾ ਵਧੇਰੇ ਸਨਮਾਨ ਹੋਵੇਗਾ । ਪਰ ਵਿਆਹ ਮਗਰੋਂ ਰਾਜਾ ਭੀਮ ਚੰਦ ਜਦ ਪੁਜਿਆ ਉਸ ਰਾਜਾ ਫਤੇ ਸ਼ਾਹ ਨੂੰ ਕਿਹਾ, "ਜਾਂ ਤਾਂ ਗੁਰੂ ਜੀ ਨਾਲ ਮੋਹਰੇ ਹੋ ਕੇ ਲੜ, ਨਹੀਂ ਤਾਂ ਆਪਣੀ ਧੀ ਦਾ ਪਰਨਾਇਆ ਡੋਲਾ ਘਰ ਰਖ ।" ਰਾਜਾ ਫਤੇ ਸ਼ਾਹ ਮਮਤਾ ਦਾ ਦੁਖ ਨਾ ਸਹਾਰਦਾ ਜੰਗ ਕਰਨਾ ਮੰਨ ਗਿਆ । ਇਸ ਬਾਰੇ ਸਤਿਗੁਰੂ ਜੀ ਨੇ ਆਪ ਬਚਿਤ੍ਰ ਨਾਟਕ ਵਿਚ ਲਿਖਿਆ ਹੈ :–

"ਫਤੇਹ ਸ਼ਾਹ ਕੋਪਾ ਤਬ ਰਾਜਾ ॥
ਲੋਹ ਪੜਾ ਹਮ ਸੋਂ ਬਿਨ ਕਾਜਾ ॥"

ਅਰਥਾਤ ਤਦ ਰਾਜਾ ਫਤੇ ਸ਼ਾਹ ਕਰੋਧ ਵਿਚ ਆ ਗਿਆ ਤੇ ਬਿਨਾਂ ਕਿਸੇ ਸਬਬ ਦੇ ਸਾਡੇ ਨਾਲ ਜੰਗ ਕਰਨ ਪਰ ਤੁਲ ਪਿਆ । ਇਹ ਸਤਿਗੁਰੂ ਜੀ ਦਾ ਪਹਿਲਾ ਜੰਗ ਸੀ । ਇਸ ਦਾ ਵਰਨਣ ਆਪ ਜੀ ਨੇ 'ਬਚਿਤ੍ਰ ਨਾਟਕ' ਵਿਚ ਆਪ ਕੀਤਾ ਹੈ ।

ਕਲਗੀਧਰ ਪਿਤਾ ਜੀ ਦੀ ਇਹ ਹਿੰਦੀ ਕਵਿਤਾ ਅਦੁਤੀ ਹੈ, ਸ਼ਬਦਾਂ ਦੀ ਚੋਣ ਸਤਿਗੁਰੂ ਜੀ ਦੀ ਕਮਾਲ ਦੀ ਹੈ । ਕਵਿਤਾ ਦੀ ਰਵਾਨੀ ਮਚੇ ਜੰਗ ਦਾ ਨਕਸ਼ਾ ਅੱਖਾਂ ਸਾਹਮਣੇ ਬੰਨ੍ਹ ਦੇਂਦੀ ਹੈ । ਹੁਣ ਕੀ ਪੰਜਾਬੋਂ ਬਾਹਰ ਰਹਿਣ ਵਾਲੇ ਤੇ ਕੀ ਪੰਜਾਬ ਨਿਵਾਸੀ ਸਾਰੇ ਪ੍ਰੇਮੀ ਹਿੰਦੀ ਲਿਖ ਪੜ੍ਹ ਗਏ ਹਨ । ਸੋ ਇਸ ਦੈਵੀ ਕਵਿਤਾ ਦਾ ਰਸ ਸਿਰੀ ਨਗਰ ਦਾ ਇਕ ਦਿਨ ਦਾ ਨਿਵਾਸ ਹੋਰ ਰੋਚਿਕ ਕਰ ਦੇਵੇਗਾ, ਇਸ ਲਈ ਇਸ ਕਵਿਤਾ ਦਾ ਕੁਝ ਹਿੱਸਾ ਇਥੇ ਅੰਕਿਤ ਹੈ । ਸਤਿਗੁਰੂ ਜੀ ਫੁਰਮਾਂਦੇ ਹਨ :–

ਗੁਰਿਆਈ ਦੀ ਗਦੀ ਦਾ ਰਾਜ-ਕਾਜ ਜਦ* ਸਾਡੇ ਜ਼ਿਮੇਂ ਆਇਆ ਤਦ ਯਥਾ ਸ਼ਕਤ ਅਸਾਂ ਸਤਿਗੁਰੂ ਨਾਨਕ ਜੀ ਦਾ ਧਰਮ ਚਲਾਇਆ । ਬਨ ਵਿਚ ਸ਼ਿਕਾਰ ਜਾਂਦੇ ਸੀ ਰਿਛ, ਨੀਲ ਗਊ ਬਾਰਾ ਸਿੰਘੇ ਆਦਿ ਦਾ ਸ਼ਿਕਾਰ ਕਰਦੇ ਸੀ ਯਥਾ–

*ਸਤਿਗੁਰੂ ਜੀ ਦੀ ਆਯੂ ਤਦ ਨੌ ਦਸ ਵਰਸ਼ ਦੀ ਸੀ ।

### ਅਬ ਰਾਜ ਸਾਜ ਕਥਨੰ ॥ ਚੌਪਈ ॥

**ਰਾਜ ਸਾਜ ਹਮ ਪਰ ਜਬ ਆਯੋ ॥ ਜਥਾ ਸਕਤ ਤਬ ਧਰਮ ਚਲਾਯੋ ॥**
**ਭਾਂਤਿ ਭਾਂਤਿ ਬਨ ਖੇਲ ਸ਼ਿਕਾਰਾ ॥ ਮਾਰੇ ਰੀਛ ਰੋਝ ਝੰਖਾਰਾ ॥ ੧ ॥**

ਇਹ ਗਲਾਂ ਅਨੰਦ ਪੁਰ ਦੀਆਂ ਹਨ, ਉਥੋਂ ਅਸੀਂ ਚਾਲੇ ਪਾ ਕੇ ਜਮਨਾ ਦੇ ਕਿਨਾਰੇ ਪਾਂਵਟਾ ਆ ਵਸਾਇਆ, ਇਥੇ ਵੀ ਸ਼ਿਕਾਰ ਜਾਂਦੇ ਸੀ । ਇਥੇ ਬਹੁਤ ਸ਼ੇਰ ਮਾਰੇ ।

ਦੇਸ ਚਾਲ ਹਮ ਤੇ ਪੁਨਿ ਭਈ ॥ ਸਹਰ ਪਾਂਵਟਾ ਕੀ ਸੁਧ ਲਈ ॥
ਕਾਲਿੰਦਰੀ ਤਟਿ[74] ਕਰੇ ਬਿਲਾਸਾਂ ॥ ਅਨਿਕ ਭਾਂਤਿ ਕੇ ਪੇਖ ਤਮਾਸਾ ॥ ੨ ॥
ਤਹ ਕੇ ਸਿੰਘ[75] ਘਨੇ ਚੁਨਿ ਮਾਰੇ ॥ ਰੋਛ[72] ਰੀਛ ਬਹੁ ਭਾਂਤਿ ਬਿਦਾਰੇ ॥
ਫਤੇ ਸਾਹ ਕੋਪਾ[76] ਤਬ ਰਾਜਾ ॥ ਲੋਹ ਪਰਾ[77] ਹਮ ਸਿਉ ਬਿਨੁ ਕਾਜਾ ॥ ੩ ॥

'ਇਥੇ ਬਿਨਾਂ ਸਬਬ ਦੇ ਫਤੇ ਸ਼ਾਹ ਲੜਨ ਆ ਪਿਆ' ਕਹਿਕੇ ਜੰਗ ਦਾ ਵਰਣਨ ਕਰਦੇ ਹਨ—

ਭੁਜੰਗ ਪ੍ਰਯਾਤ ਛੰਦ ॥

ਤਹਾਂ ਸਾਹ ਸ੍ਰੀ ਸਾਹ ਸੰਗ੍ਰਾਮ ਕੋਪੇ ॥ ਪੰਚੋ[78] ਬੀਰ ਬੰਕੇ ਪ੍ਰਿਥੀ ਪਾਇ ਰੋਪੇ[79]
ਹਠੀ ਜੀਤ ਮਲੰ ਸੁ ਗਾਜੀ ਗੁਲਾਬੰ ॥ ਰਣ ਦੇਖੀਐ ਰੰਗੰ ਰੂਪੰ ਸਹਾਬੰ[43] ॥ ੪ ॥

੭੨. ਨੀਲ ਗਊ । ੭੩. ਬਾਰਾ ਸਿੰਘਾ । ੭੪. ਜਮਨਾ ਦੇ ਕਿਨਾਰੇ ਉਤੇ । ੭੫. ਸ਼ੇਰ । ੭੬. ਕ੍ਰੋਧ ਵਿਚ ਆ ਗਿਆ—ਤਦ ਰਾਜਾ ਫਤੇ ਸ਼ਾਹ ਕ੍ਰੋਧ ਵਿਚ ਆ ਗਿਆ । ੭੭. ਬਿਨਾਂ ਕਿਸੇ ਹੋਣੀ ਦੇ ਸਾਡੇ ਨਾਲ ਲੜ ਪਿਆ । ੭੮. ਬੀਬੀ ਵੀਰੋ; ਗੁਰੂ ਜੀ ਦੀ ਭੂਆ, ਦੇ ਪੰਜ ਸਪੁਤਰ—ਜੰਗੋ ਸਾਹ, ਜੀਤ ਮਲ, ਗੁਲਾਬ ਰਾਏ, ਮਾਹਰੀ ਚੰਦ ਤੇ ਗੰਗਾ ਰਾਮ—ਇਸ ਜੰਗ ਵਿਚ ਬਹਾਦਰੀ ਨਾਲ ਲੜੇ, ਸੰਗੋ ਸ਼ਾਹ ਜੋ ਸਭ ਤੋਂ ਵਡੇ ਸੀ ਸ਼ਹੀਦ ਹੋਏ । ੭੯. ਉਹ ਜੰਗ ਵਿਚ ਇਸ ਤਰ੍ਹਾਂ ਡਟੇ, ਮਾਨੋਂ ਕਿ ਧਰਤੀ ਵਿਚ ਪੰਜ ਥੰਮ ਗਡੇ ਹੋਏ ਹੋਣ । ੮੦. ਧਰਮੀ ਯੋਧਾ । ੮੧. ਲਾਲੀ ਨਾਲ ਭਖਦੇ ਚਿਹਰੇ ਵਾਲਾ ।



**ਹਰਿਯੋ ਮਾਹਰੀ ਚੰਦਯੰ ਗੰਗਾਰਾਮੰ ॥ ਜਿਨੈ ਕਿਤਯ ਜਿਤੀਯ ਫੌਜ ਤਾਮੰ[82] ॥**
**ਕੁਪੇ[76] ਲਾਲਚੰਦ ਕੀਏ ਲਾਲ ਰੂਪੰ ॥ ਜਿਨੈ ਬਜੀਯ ਗਰਬ ਸਿੰਘੰ ਅਨੂਪੰ[88] ॥੫॥**

**ਕੁਪਿਯ ਮਾਹਰੂ ਕਾਹਰੂ[84] ਰੂਪ ਧਾਰੇ ॥ ਜਿਨੈ ਖਾਨ ਖਾਵਨੀਯ ਖੇਤ ਮਾਰੇ[85] ॥**
**ਕੁਪਿਓ ਦੇਵਤੇਸੰ[86]ਦਯਾਰਾਮ ਜੁਧੰ ॥ ਕੀਯ ਦ੍ਰੋਣਕੀ[87]ਜਿਉ ਮਹਾਂ ਜੁੱਧ ਸੁਧੰ ॥੬॥**

**ਕ੍ਰਿਪਾਲ ਕੋਪੀਯ ਕੁਤਕੋ[88] ਸੰਭਾਰੀ ॥ ਹਠੀ ਖਾਨ ਹੱਯਾਤ ਕੇ ਸੀਸ ਝਾਰੀ[89] ॥**
**ਉਠੀ ਛਿੱਛ ਇੱਛ ਕਢਾ ਮੇਝ ਜੋਰੰ[90] ॥ ਮਾਨੋ ਮਾਖਨੰ ਮੱਟਕੀ ਕਾਨ੍ਹ ਫੋਰੰ[91] ॥੭॥**

ਇਸੇ ਤਰ੍ਹਾਂ ਸਾਰੇ ਜੰਗ ਦਾ ਬੜਾ ਕਮਾਲ ਦਾ ਵਰਣਨ ਹੈ । ਹੁਣ ਕਲਗੀਧਰ ਪਾਤਸ਼ਾਹ ਜੀ ਨੇ ਜਦ ਸੰਗੋ ਸ਼ਾਹ ਦੀ ਸ਼ਹੀਦੀ ਪਰ ਆਪ ਬਾਣ ਚਲਾਏ ਉਹਦਾ ਹਾਲ ਇਉਂ ਲਿਖਿਆ ਹੈ :—

### ਦੋਹਰਾ ॥

**ਮਾਰ ਨਜਾਬਤ ਖਾਨ ਕੋ ਸੰਗੋ ਜੁਝੈ ਜੁਝਾਰ ॥**
**ਹਾ ਹਾ ਇਹ ਲੋਕੈ ਭਇਓ ਸੁਰਗ ਲੋਕ ਜੈਕਾਰ ॥ ੨੩ ॥**

੮੨ ਸਾਰੀ ਫੌਜ । ੮੩. ਜਿਨ੍ਹਾਂ ਦੀ ਗਰਜ ਨੇ ਸ਼ੇਰਾਂ ਦਾ ਹੰਕਾਰ ਤੋੜ ਦਿਤਾ । ੮੪. ਮਾਹਰੀ ਚੰਦ ਐਸਾ ਰੋਹ ਵਿਚ ਆਇਆ ਕਿ ਉਹਨੇ ਕਹਿਰ ਦਾ ਰੂਪ ਧਾਰ ਲਿਆ । ੮੫. ਉਹਨੇ ਨਾਮਵਰ ਖਾਨਾ ਖਵਾਨੀਨਾ ਨੂੰ ਰਣ ਤੱਤੇ ਵਿਚ ਥਾਂ ਰਖਿਆ । ੮੬. ਦੇਵਤਾ ਸਰੂਪ ਭਾਈ ਦਇਆ ਰਾਮ ਬੀਰ-ਰਸ ਵਿਚ ਆਇਆ । ੮੭. ਦਰੋਣਾਚਾਰੀਆ ਵਾਂਗ ਉਸ ਨੇ ਮਹਾਂ ਯੁਧ ਕੀਤਾ । ੮੮. ਕੁਤਕਾ, ਐਸਾ ਡੰਡਾ ਜਿਸ ਦਾ ਮੂੰਹ ਗੇਂਦ ਵਾਂਗ ਠੋਸ ਗੋਲਾਕਾਰਾ ਹੁੰਦਾ ਹੈ । ੮੯. ਮਾਰਿਆ । ੯੦. ਇਤਨੇ ਜ਼ੋਰ ਨਾਲ ਉਹਦੇ ਮਗਜ਼ ਦੀਆਂ ਛਿਟਾਂ ਨਿਕਲੀਆਂ । ੯੧. ਮਾਨੋ ਕ੍ਰਿਸ਼ਨ ਜੀ ਨੇ ਮਖਨ ਦੀ ਮਟਕੀ ਫੋੜ ਦਿਤੀ ਹੋਵੇ ।

## ਭੁਜੰਗ ਛੰਦ ॥

ਲਖੇ ਸਾਹ ਸੰਗ੍ਰਾਮ ਜੁੱਝੇ ਜੁਝਾਰੰ ॥ ਤਵੰ ਕੀਟ ਬਾਣੰ ਕਮਾਣੰ ਸੰਭਾਰੰ ॥
ਹਨਿਯੋ ਏਕ ਖਾਨੰ ਖਿਆਲੰ ਖਤੰਗੰ ॥ ਡਸਿਯੋ ਸਤ੍ਰ ਕੋ ਜਾਨ ਸਯਾਮੰਭ ਭੁਜੰਗੰ ॥

ਫੇਰ ਸਤਿਗੁਰੂ ਜੀ ਤੀਰ ਚਲਾਇਆ ਭੀਖਨ ਖਾਨ ਆਪ ਭਜ ਗਿਆ ਪਰ ਉਸਦਾ ਘੋੜਾ ਮਰ ਗਿਆ। ਇਤਨੇ ਵਿਚ ਰਾਜਾ ਹਰੀਚੰਦ ਦੀ ਮੂਰਛਨਾ ਖੁਲ੍ਹ ਗਈ, ਹੋਸ਼ ਆਂਦਿਆਂ ਹੀ ਉਸ ਨੇ ਆਪਣੀ ਫੌਜ ਦਾ ਭਾਰੀ ਨੁਕਸਾਨ ਹੁੰਦਾ ਵੇਖ ਕੇ ਦੋ ਦੋ ਤੀਰ ਇਕ ਵੇਰੀ ਛੋੜੇ ਜਿਸ ਨਾਲ ਗੁਰੂ ਜੀ ਦੇ ਦਲ ਵਿਚ ਸੂਰਮੇ ਸ਼ਹੀਦ ਹੋਏ। ਉਸ ਵਧੇ ਦਿਲ ਸੂਰਮੇ ਨੇ ਸਤਿਗੁਰੂ ਜੀ ਪਰ ਤਿੰਨ ਵਾਰ ਕੀਤੇ, ਪਹਿਲਾ ਉਸ ਨੇ ਗੁਰੂ ਜੀ ਦੇ ਘੋੜੇ ਪਰ ਕੀਤਾ। ਦੂਜਾ ਉਸ ਨੇ ਗੁਰੂ ਜੀ ਦੀ ਸੇਧ ਬੰਨ ਕੇ ਮਾਰਿਆ ਜੋ ਦਸਤਾਰ ਨੂੰ ਛੂਹ ਕੇ ਚਲਾ ਗਿਆ।

ਤ੍ਰਿਤੀਯ[92]ਬਾਣਮਾਰਯੋਸੁਪੇਟੀਮਝਾਰੰ॥ਬਿਧਿਅੰਚਿਲਤਿਅੰ ਦੁਆਲਪਾਰੰਪਧਾਰੰ॥
ਚੁਭੀ[93] ਚਿੰਚ ਚਰਮੰ ਕਛੂ ਘਾਇਨਆਯੰ॥ਕਲੰ ਕੇਵਲੰ ਜਾਨ ਦਾਸੰ ਬਚਾਯੰ॥੩੦॥

## ਰਸਾਵਲ ਛੰਦ ॥

ਜਬੈ ਬਾਨ ਲਾਗਯੋ॥ਤਬੈ ਰੋਸ ਜਾਗਯੋ॥ਕਰੰ ਲੇ ਕਮਾਣੰ॥ਹਨੰ ਬਾਣਤਾਣੰ॥੩੧॥
ਸਬੈ ਬੀਰ ਧਾਏ॥ਸਰੰਘੰ ਚਲਾਏ॥ਤਬੈ ਤਾਕਿਬਾਣੰ ਹਨਯੋ ਏਕ ਜਵਾਨੰ ॥੩੨॥
ਹਰੀ ਚੰਦ ਮਾਰੇ॥ਸਜੋਧਾ ਲਤਾਰੇ ॥ ਸਾਕਾਰੋੜ ਰਾਯੋ॥ ਵਹੈ ਕਾਲ ਘਾਯੋ॥੩੩॥
ਰਣੰ ਤਿਆਗ ਭਾਗੇ॥ ਸਬੈ ਤ੍ਰਾਸਪਾਗੇ॥ਭਈਜੀਤਮੇਰੀ॥ਕ੍ਰਿਪਾਕਾਲਕੇਰੀ॥੩੪॥

੯੨. ਤੀਜਾ ਬਾਣ ਉਸ ਨੇ ਮੇਰੀ ਕਮਰ ਦੀ ਪੇਟੀ ਵਿਚ ਮਾਰਿਆ ਜੋ ਕਵਚ ਨੂੰ ਵਿਨ ਕੇ ਚਮੜੇ ਦੀ ਪੇਟੀ ਦੇ ਪਾਰ ਹੋ ਗਿਆ। ੯੩. ਚੁੰਜ ਤੀਰ ਦੀ ਸਾਡੇ ਚਮੜੇ ਵਿਚ ਲੱਗੀ ਪਰ ਕੋਈ ਗਹਿਰਾ ਜ਼ਖਮ ਨ ਹੋਇਆ ਅਕਾਲ ਪੁਰਖ ਨੇ ਆਪ ਦਾਸ ਦੀ ਜਾਨ ਬਚਾਈ।



"ਮੇਰੀ ਜਿਤ ਹੋਈ ਇਹ ਅਕਾਲ ਪੁਰਖ ਦੀ ਮਿਹਰ ਹੈ।" ਇਹ ਕਹਿ ਕੇ ਸਤਿਗੁਰੂ ਜੀ ਨੇ ਜਿਤ ਦਿਵਾਉਣ ਵਾਲੇ ਵਾਹਿਗੁਰੂ ਜੀ ਵਲ ਨਜ਼ਰ ਪਵਾਈ ਹੈ ਦੂਜੈ ਜਦ—

ਜੁਧ ਜੀਤ ਆਏ ਜਬੈ ਟਿਕੈ ਨ ਤਿਨ ਪੁਰ ਪਾਵ ॥
ਕਾਹਲੂਰ ਮੈ ਬਾਧਿਯੋ ਆਨ ਆਨੰਦ ਪੁਰ ਗਾਂਵ ॥੩੬॥

ਜੁਧ ਜਿਤ ਕੇ ਜਦ ਸੂਰਮਿਆਂ ਦੇ ਪੈਰ ਜ਼ਮੀਨ ਪਰ ਨਹੀਂ ਸਨ ਟਿਕਦੇ। ਉਹ ਰਾਜਿਆਂ ਪਰ ਮੋੜਵਾਂ ਹਮਲਾ ਕਰਨਾ ਚਾਹੁੰਦੇ ਸਨ, ਪਰ ਸਤਿਗੁਰੂ ਜੀ ਨੇ ਰੋਕ ਦਿਤਾ ਤੇ ਕਹਿਲੂਰ ਦੀ ਰਿਆਸਤ ਵਿਚ ਆਨੰਦਪੁਰ ਸਾਹਿਬ ਦੀ ਉਸਾਰੀ ਦੇ ਕੰਮ ਵਿਚ ਲਾ ਦਿਤਾ।

ਇਹ ਤਾਂ ਹੈ ਇਤਿਹਾਸ ਸਤਿਗੁਰੂ ਜੀ ਦੇ ਪਹਿਲੇ ਜੰਗ ਅਰਥਾਤ ਭੰਗਾਣੀ ਦਾ, ਜਿਸ ਦੀ ਸੂੰਹ ਪੈਂਦੇ ਹੀ ਦੀਵਾਨ ਚੰਦ ਜੀ, ਪਹਾੜੀ ਰਾਜਿਆਂ ਦੇ ਤਦੋਂ ਸਿਰੀ ਨਗਰ ਵਿਚ ਲਗ ਰਹੇ ਡੇਰੇ 'ਚੋਂ ਅਛੋਪ ਨਿਕਲ ਆਏ। ਜਦ ਰਾਜਾ ਫਤੇ ਸ਼ਾਹ ਦਾ ਖਿਆਲ ਬਦਲ ਗਿਆ, ਮਿਤ੍ਰਤਾ ਤੋਂ ਜੰਗ ਕਰਨ ਦਾ ਹੋ ਗਿਆ, ਤਦ ਵੈਰੀ ਨੂੰ ਕੋਈ ਵਿਆਹ ਦਾ ਤੰਬੋਲ ਥੋੜਾ ਦੇਈਦਾ ਹੈ, ਉਹ ਸਾਰਾ ਸਾਮਾਨ ਵੀ ਲੈ ਕੇ ਇਤਨੀ ਫੁਰਤੀ ਨਾਲ ਪਹਾੜ ਦੇ ਦਰੇ ਤਕ ਪਹੁੰਚ ਗਏ ਜਿਥੋਂ ਕਿ ਪਹਿਰੇ ਦੇ ਸਿਪਾਹੀ ਆਪ ਦੀ ਤਾਬ ਨਾ ਲਾ ਸਕੇ ਤੇ ਰਾਜਿਆਂ ਦੀ ਬਾਕੀ ਫੌਜ ਬਹੁਤ ਪਿਛੇ ਸੀ ਸੋ ਦੀਵਾਨ ਜੀ ਸਹੀ ਸਲਾਮਤ ਗੁਰੂ ਜੀ ਪਾਸ ਪੁਜ ਗਏ।

ਇਹ ਦੀਵਾਨ ਨੰਦ ਚੰਦ ਦਾ ਦੁਸ਼ਮਨ ਵਿਚ ਘਿਰੇ ਜਾ ਕੇ ਵੀ ਉਕਾ ਨ ਘਾਬਰਨਾ, ਪੂਰੀ ਮਾਨਸਕ ਤਦਬੀਰ ਕਰਨੀ ਤੇ ਨਾਲ ਅਰਦਾਸ ਕਰਕੇ ਸਤਿਗੁਰੂ ਜੀ ਦੇ ਪੱਕੇ ਭਰੋਸੇ ਪਰ ਉਛਲ ਪੈਣ ਵਾਲੀ ਦਲੇਰੀ ਨਾਲ ਜੋ ਕਾਮਯਾਬੀ ਹੋਈ, ਇਹ ਸਿਖ ਕੌਮ ਦਾ ਇਕ ਖਾਸਾ ਬਣ ਗਈ ਹੈ।

## ਚੰਮੋਲੀ

ਨੰਦ ਪ੍ਰਯਾਗ ਤੋਂ ਛੇ ਮੀਲ ਦੀ ਦੂਰੀ ਪਰ ਇਹ ਚੰਮੋਲੀ ਜ਼ਿਲੇ ਦਾ ਹੈਡਕੁਆਰਟਰ ਹੈ। ਇਥੇ ਕਿਦਾਰ ਨਾਥ ਤੋਂ ਬਦਰੀ ਨਾਰਾਇਨ ਜਾਣ ਵਾਲੀ ਸੜਕ, ਰਿਸ਼ੀਕੇਸ਼ ਤੋਂ ਆ ਰਹੀ ਮੇਨ ਰੋਡ ਨਾਲ ਆ ਰਲਦੀ ਹੈ। ਇਥੇ ਡਿਪਟੀ ਕਮਿਸ਼ਨਰ ਦਾ ਦਫਤਰ (ਕਚਹਿਰੀ), ਟੂਰਿਸਟ ਸੈਂਟਰ, ਮੰਦਰ, ਬਦਰੀਨਾਥ ਦੀ ਧਰਮਸਾਲਾ, ਹਸਪਤਾਲ, ਪੁਲਿਸ ਸਟੇਸ਼ਨ, ਡਾਕ-ਤਾਰ ਘਰ, ਟੈਲੀਫੋਨ ਤੇ ਕਾਲੀ ਕਮਲੀ ਦੀ ਧਰਮਸਾਲਾ ਹੈ।

## ਬਿਰਹੀ

ਚੰਮੋਲੀ ਤੋਂ ਪੰਜ ਮੀਲ ਦੀ ਵਿਥ ਪਰ ੩੨੦੦ ਫੁਟ ਦੀ ਉਚਿਆਈ ਪਰ ਵਸੀ ਇਹ ਛੋਟੀ ਜਿਹੀ ਨਗਰੀ ਹੈ। ਇਥੇ ਬਿਰਹੀ ਨਦੀ ਤੇ ਅਲਖਨੰਦਾ ਦਾ ਸੰਗਮ ਹੈ। ਰਹਿਣ ਤੇ ਪ੍ਰਬੰਧ ਲਈ ਕੇਵਲ ਇਕ ਜੰਗਲਾਤ ਦੇ ਮਹਿਕਮੇ ਦਾ ਬੰਗਲਾ ਹੈ।

## ਪਿਪਲ ਕੋਟੀ

ਬਿਰਹੀ ਤੋਂ ਪੰਜ ਮੀਲ ਅਗੇ ਬੜਾ ਸੁੰਦਰ ਛੋਟਾ ਜਿਹਾ ਸ਼ਹਿਰ ਹੈ। ਇਥੋਂ ਯਾਤਰਾ ਵਾਸਤੇ ਹਰ ਤਰ੍ਹਾਂ ਦਾ ਸਾਮਾਨ ਮਿਲ ਜਾਂਦਾ ਹੈ। ਇਥੇ ਭੇਡਾਂ ਦੀ ਉਨ ਦਾ ਕਾਰਖਾਨਾ ਹੈ। ਡਾਕ-ਤਾਰ ਘਰ, ਟੈਲੀਫੋਨ, ਟੂਰਿਸਟ ਸੈਂਟਰ ਦਾ ਬੰਗਲਾ ਤੇ ਕਾਲੀ ਕਮਲੀ ਦੀ ਧਰਮਸਾਲਾ ਹੈ। ੧੯੬੦ ਤੀਕ ਮੋਟਰ ਰੋਡ ਕੇਵਲ ਇਥੋਂ ਤੀਕ ਸੀ ਤੇ ਅਗੇ ਸਾਰੀ ਯਾਤਰਾ ਪੈਦਲ ਹੀ ਕਰਨੀ ਪੈਂਦੀ ਸੀ। ਇਸਦੀ ਸਤਹ ਸਮੁੰਦਰ ਤੋਂ ਉਚਿਆਈ ੩੫੦੦ ਫੁਟ ਹੈ।



## ਜੋਸ਼ੀ ਮਠ

ਇਹ ਹਿੰਦੂਆਂ ਦਾ ਪਰਸਿਧ ਧਾਰਮਿਕ ਅਸਥਾਨ ਹੈ ਤੇ ਉਹਨਾਂ ਚਹੁੰ ਮਠਾਂ ਵਿਚੋਂ ਇਕ ਹੈ ਜਿਨ੍ਹਾਂ ਨੂੰ ਸ੍ਰੀ ਸ਼ੰਕਰਾ ਚਾਰਯਾ ਨੇ ਸਥਾਪਤ ਕੀਤਾ ਹੈ। ਇਹ ਸ੍ਰੀ ਨਗਰ ਤੋਂ ੬੧ ਮੀਲ ਤੇ ਰਿਖੀਕੇਸ਼ ਤੋਂ ੧੫੮ ਮੀਲ ਦੇ ਫਾਸਲੇ ਪਰ ਹੈ। ਇਹਦੀ ਸਮੁੰਦਰ-ਤਲ ਤੋਂ ਉਚਿਆਈ ੬੦੦੦ ਫੁਟ ਹੈ। ਇਥੇ ਸ੍ਰੀ ਹੇਮਕੁੰਟ ਮੈਨੇਜਮੈਂਟ ਟਰਸਟ ਨੇ **P. W. D. Rest House** ਦੇ ਐਨ ਸਾਹਮਣੇ ਸੰਗਤਾਂ ਦੇ ਠਹਿਰਨ ਲਈ ਨਿਵਾਸ ਅਸਥਾਨ ਤੇ ਆਲੀਸ਼ਾਨ ਗੁਰਦਵਾਰਾ ਸਾਹਿਬ ਬਣਾਇਆ ਹੈ; ਜਿਸ ਵਿਚ ਪੰਜਾਬ ਐਂਡ ਸਿੰਧ ਬੈਂਕ ਦੀ ਬਰਾਂਚ ਵੀ ਹੈ।

ਗੁਰਦਵਾਰੇ ਦੇ ਸਾਹਮਣੇ ਬੜੇ ਉਚੇ ਉਚੇ ਪਹਾੜ ਹਨ ਤੇ ਇਕ ਪਹਾੜ ਦਾ ਆਕਾਰ ਤਾਂ ਹਾਥੀ ਵਰਗਾ ਹੋਣ ਕਰਕੇ ਉਸ ਨੂੰ 'ਹਾਥੀ ਪਰਬਤ' ਕਹਿੰਦੇ ਹਨ।

ਜੋਸ਼ੀ ਮਠ ਤਹਿਸੀਲ ਹੈਡਕੁਆਰਟਰ ਅਤੇ ਇਸ ਇਲਾਕੇ ਦਾ ਬਿਉਪਾਰ ਦਾ ਕੇਂਦਰ ਹੈ। ਨਿਤ ਵਰਤੋਂ ਦੀਆਂ ਚੀਜ਼ਾਂ ਇਥੇ ਸੁਲਭ ਹਨ। ਕਸਤੂਰੀ, ਸ਼ਿਲਾਜੀਤ, ਸ਼ਹਿਦ, ਊਨੀ ਸ਼ਾਲਾਂ, ਸੇਬ, ਖੁਰਮਾਣੀ ਆਦਿ ਇਸ ਇਲਾਕੇ ਦੀ ਉਪਜ ਇਥੇ ਆਮ ਮਿਲਦੀਆਂ ਹਨ।

ਇਥੋਂ ਅਠ ਕੁ ਮੀਲ ਦੇ ਫਾਸਲੇ ਪਰ ਇਕ ਤਪੋਬਨ ਅਸਥਾਨ ਹੈ ਜਿਸ ਵਿਚ ਲਛਮੀ ਦਾ ਮੰਦਰ ਹੈ ਅਤੇ ਇਕ ਗਰਮ ਕੁੰਡ ਹੈ। ਇਸ ਤੋਂ ਥੋੜੀ ਦੂਰ ਉਹ ਜੰਗਲ ਤੇ ਪਹਾੜ ਹੈ ਜਿਸ ਦਾ ਕੁਛ ਹਿੱਸਾ ਲਛਮਨ ਜੀ ਦੀ ਮੂਰਛਤਾ ਹਟਾਉਣ ਲਈ, ਸ੍ਰੀ ਰਾਮ ਚੰਦਰ ਜੀ ਦੇ ਹੁਕਮ ਅਨੁਸਾਰ, ਹਨੂੰਮਾਨ ਸੰਜੀਵਨੀ ਬੂਟੀ ਸਣੇ ਚੁਕ ਕੇ ਲੈ ਗਿਆ ਸੀ।

ਇਥੇ ਨਰ ਸਿੰਘ, ਭਗਵਤੀ ਨਵਦੁਰਗਾ ਤੇ ਵਾਸਦੇਵ ਜੀ ਦੇ ਮੰਦਰ ਅਤੇ ਜੈਤੇਸ਼ਵਰ ਪ੍ਰਸਿਧ ਅਸਥਾਨ ਹਨ।


# ਗੋਬਿੰਦ ਘਾਟ

ਸ੍ਰੀ ਹੇਮਕੁੰਟ ਸਾਹਿਬ ਜਾਣ ਲਈ ਇਹ **Base** (ਮੁਢਲਾ ਮੁਕਾਮ) ਹੈ। ਜੋਸ਼ੀ ਮਠ ਤੋਂ ਜੋ ਬਸ ਬਦਰੀ ਨਾਰਾਇਨ ਜਾਂਦੀ ਹੈ, ਉਸਦੇ ੧੨ਵੇਂ ਮੀਲ ਪਰ ਇਹ ਅਤਿ ਰਮਣੀਕ ਅਸਥਾਨ ਵਾਕਿਆ ਹੈ। ਹੇਮ ਗੰਗਾ ਤੇ ਅਲਖ ਨੰਦਾ ਦਾ ਇਹ ਸੰਗਮ ਹੈ। ਗੁਰਦਵਾਰਾ ਆਲੀਸ਼ਾਨ ਹੈ। ਟਰਸਟ ਵਲੋਂ ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਇਤਨਾ ਚੰਗਾ ਹੈ ਕਿ ਬਦਰੀ ਨਾਥ ਦੇ ਯਾਤਰੂ ਤੇ 'ਫੁਲਾਂ ਦੀ ਘਾਟੀ' ਵੇਖਣ ਜਾ ਰਹੇ ਵਿਦਿਆਰਥੀ ਇਥੋਂ ਲੰਗਰ ਛਕ ਕੇ ਜਾਂਦੇ ਹਨ ਤੇ ਰੈਣ ਬਸੇਰਾ ਵੀ ਕਰਦੇ ਹਨ। ਸੁਖ ਪਾ ਕੇ ਸ੍ਰੀ ਗੁਰੂ ਨਾਨਕ–ਗੁਰੂ ਗੋਬਿੰਦ ਸਿੰਘ ਜੀ ਦਾ ਜਸ ਗਾਂਦੇ ਜਾਂਦੇ ਨੇ।

ਗੁਰਦਵਾਰਾ ਸਾਹਿਬ ਦੇ ਸਾਹਮਣੇ ਵਾਲੀ ਜ਼ਮੀਨ ਹੁਣ ਟਰਸਟ ਨੇ ਲੈ ਲਈ ਹੈ। ਇਥੇ **Cottages, Blocks etc.** ਰਿਹਾਇਸ਼ ਦੇ ਕਈ ਪਰਕਾਰ ਦੇ ਅਸਥਾਨ, ਬਣ ਰਹੇ ਹਨ ਤਾਂ ਜੋ ਨਾਮ ਰਸੀਏ ਇਥੇ ਇਕਾਂਤ ਵਿਚ ਨਾਮ ਜਪ ਸਕਣ, ਖੋਜੀ ਖੋਜ ਕਰ ਸਕਣ ਤੇ ਪਹਾੜਾਂ ਪਰ ਗਰਮੀਆਂ ਵਿਚ ਜਾਣ ਵਾਲੇ ਸਜਣ ਵੀ ਇਥੇ ਕੁਝ ਸਮਾਂ ਬਿਸਰਾਮ ਕਰਕੇ ਸਤਿਸੰਗ ਦਾ ਲਾਭ ਲੈ ਸਕਣ, ਨਾਲੇ ਉਪਰ ਤਪੋ-ਸਥਾਨ ਦੇ ਦਰਸ਼ਨ ਕਰਕੇ ਆਪਣੀ ਆਪਣੀ ਆਤਮਾ ਵਿਚ ਨਾਮ ਦੇ ਟਿਕਾਉ ਦਾ ਅਨੁਭਵ ਵੀ ਪਾ ਸਕਣ।

ਸਤੰਬਰ ੧੯੬੭ ਵਿਚ 'ਸਿਖ ਯੂਥ' ਐਸੋਸੀਏਸ਼ਨ, ਬੰਬਈ' ਵਲੋਂ ਆਏ ਹੋਏ ਦੋ ਜੈਨੀਰੇਟਰਾਂ 'ਚੋਂ ਇਕ, ਸ੍ਰ: ਅਵਤਾਰ ਸਿੰਘ ਜੀ ਬੇਦੀ ਤੇ ਉਹਨਾਂ ਦੇ ਸਾਥੀਆਂ ਨੇ ਇਥੇ ਸੰਚਾਲਨ ਕਰਕੇ ਇਸ ਰਮਣੀਕ ਅਸਥਾਨ ਨੂੰ ਬਿਜਲੀ ਨਾਲ ਜਗ-ਮਗਾ ਦਿਤਾ। ਜਦ ਪਹਿਲੀ ਵੇਰ ਬਿਜਲੀ ਦੀ ਰੌਸ਼ਨੀ ਹੋਈ ਇਲਾਕੇ ਦੇ ਵਸਨੀਕ ਦਸ ਦਸ ਮੀਲ ਤੋਂ ਦੇਖਣ ਨੂੰ ਆਏ। ਬਦਰੀ ਨਾਥ ਦੀ ਯਾਤਰਾ ਪਰ ਜਾਂਦਿਆਂ ਹੋਇਆਂ ਹਿੰਦੁਸਤਾਨ ਦੇ





ਗੁਰਦੁਆਰਾ ਸ੍ਰੀ ਗੋਬਿੰਦ ਘਾਟ

ਰਾਸ਼ਟਰਪਤੀ ਸੁਰਗਵਾਸੀ ਡਾਕਟਰ ਰਾਜਿੰਦਰ ਪ੍ਰਸ਼ਾਦ ਤੇ ਪਰਾਈਮਮਨਿਸਟਰ ਸ੍ਰੀਮਤੀ ਇੰਦਰਾ ਗਾਂਧੀ ਇਥੇ ਕੁਝ ਦੇਰ ਲਈ ਠਹਿਰੇ ਉਨ੍ਹਾਂ ਨੂੰ ਗੁਰਦੁਆਰੇ ਸਾਹਿਬ ਵਿਚ ਜੋ ਸੁਖ ਤੇ ਠੰਡ ਪ੍ਰਤੀਤ ਹੋਈ ਉਹਨਾਂ ਨੇ ਉਸਦਾ ਆਮ ਇਜ਼ਹਾਰ ਕੀਤਾ ! ਇਸ ਤਰ੍ਹਾਂ ਯੂ.ਪੀ. ਦੇ ਚੀਫ ਮਨਿਸਟਰ ਸ੍ਰੀਮਤੀ ਸੁਚੇਤਾ ਕ੍ਰਿਪਲਾਨੀ ਇਥੇ ਆ ਕੇ ਐਸੇ ਪ੍ਰਭਾਵਤ ਹੋਏ ਜੋ ਉਹਨਾਂ ਨੇ ਸ੍ਰੀ ਕਲਗੀਧਰ ਪਿਤਾ ਜੀ ਦੀ ੩੦੦ਸਾਲਾ ਵਰ੍ਹੇਗੰਢ ਪਰ ਦੋ ਲਖ ਰੁਪੈ ਲਗਾ ਕੇ ਇਥੇ ਹਸਪਤਾਲ ਬਣਾਉਣ ਦਾ ਜਤਨ ਕੀਤਾ ।

ਹੁਣ ਇਥੇ ਸਰਕਾਰ ਨੇਂ ਹੇਮ ਗੰਗਾ ਤੇ ਬਿਜਲੀ ਘਰ ਬਣਾ ਦਿਤਾ ਹੈ । ਇਸ ਬਿਜਲੀ ਘਰ ਤੋਂ ਗੋਬਿੰਦ ਘਾਟ ਤੇ ਬਦਰੀ ਨਾਥ ਨੂੰ ਬਿਜਲੀ ਦਿਤੀ ਜਾਂਦੀ ਹੈ। ਬਿਜਲੀ ਦੀਆਂ ਲਾਈਨਾਂ ਭੰਡਾਰ ਗਾਉਂ ਤਕ ਪੁਜ ਚੁਕੀਆਂ ਹਨ ਅਤੇ ਆਸ ਹੈ ਕਿ ੧੯੮੦ ਤਕ ਗੋਬਿੰਦਧਾਮ ਵੀ ਬਿਜਲੀ ਪਜ ਜਾਵੇਗੀ ।

ਸ੍ਰੀ ਗੋਬਿੰਦ ਘਾਟ ਸਤਹਿ ਸਮੁੰਦਰ ਤੋਂ ੬੦੦ ਫੁਟ ਦੀ ਬਲੰਦੀ ਪਰ ਹੈ ਅਰ ਇਥੇ ਸਾਰਾ ਸਾਲ ਵੀ ਰਿਹਾ ਜਾ ਸਕਦਾ ਹੈ। ਗੁਰਦੁਆਰਾ ਸ੍ਰੀ ਹੇਮਕੁੰਟ ਮੈਨੇਜਮੈਂਟ ਟ੍ਰਸਟ ਇਥੋਂ ਦੀ ਡੀਵੈਲਪਮੈਂਟ ਵਿਚ ਬੜੀ ਮੇਹਨਤ ਕਰ ਰਿਹਾ ਹੈ।

## ਗੋਬਿੰਦ ਧਾਮ (ਘਾਂਗਰੀਆ)

ਲਕੜੀ ਦਾ ਪੁਲ ਪਾਰ ਕਰਦੇ ਹੀ ਤਪੋਬਨ ਸ਼ੁਰੂ ਹੋ ਜਾਂਦਾ ਹੈ । ਬੜੇ ਅਦਬ ਤੇ ਭੈ ਨਾਲ "ਵਾਹਿਗੁਰੂ, ਵਾਹਿਗੁਰੂ" ਕਰਦੇ ਇਥੇ ਕਦਮ ਰਖਣੇ ਚਾਹੀਦੇ ਹਨ ਤਾਂ ਜੋ ਕੁਦਰਤੀ ਨਜ਼ਾਰਿਆਂ ਨਾਲ ਵਿਸਮਯ ਹੋ ਕੇ ਮਨ ਜੋ ਸਿਫਤ ਸਾਲਾਹ ਵਿਚ ਜਾਂਦਾ ਹੈ ਉਸ ਵਿਸਮਾਦੀ ਹਾਲਤ ਵਿਚ ਰਬ ਜੀ ਦੀ ਰਸਮਯ ਯਾਦ ਵਿਚ ਪਰਪਕ ਹੋ ਜਾਵੇ ਤੇ ਜਨਮ ਸਫਲ ਹੋਵੇ । ਗੋਬਿੰਦ ਘਾਟ ਤੋਂ ੭॥ ਮੀਲ ਦਾ ਕਠਨ ਚੜ੍ਹਾਈਆਂ ਤੇ ਜੰਗਲ ਦਾ ਰਸਤਾ ਤਹਿ ਕਰਕੇ ਸਤਹਿ ਸਮੁੰਦਰ ਤੋਂ ੧੦੫੦੦ ਫੁਟ ਦੀ ਬਲੰਦੀ ਪਰ ਇਹ ਅਲੌਕਿਕ ਅਸਥਾਨ ਹੈ । ਇਹ ਰਸਤਾ ਪੰਜ ਤੋਂ ਅਠ ਘੰਟਿਆਂ ਵਿਚ ਪੈਦਲ ਤਹਿ ਹੁੰਦਾ ਹੈ। ਇਥੇ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰਸਟ ਨੇ ਇਕ ਆਲੀਸ਼ਾਨ ਗੁਰਦੁਆਰਾ, ਲੰਗਰ ਅਤੇ ਕਈ ਕਮਰੇ ਸੰਗਤਾਂ ਦੇ ਬਿਸਰਾਮ ਲਈ ਬਣਵਾਏ ਹੋਏ ਹਨ ਤੇ ਹੋਰ ਬਣ ਰਹੇ ਹਨ । ਇਹ ਹੈ ਸ੍ਰੀ ਹੇਮਕੁੰਟ ਸਾਹਿਬ ਜਾਣ ਲਗਿਆਂ ਅਖੀਰਲਾ ਪੜਾ । ਇਥੇ ਠੰਢ ਕਾਫੀ ਪੈਂਦੀ ਹੈ । ਇਥੇ ਸ੍ਰੀ ਹੇਮਕੁੰਟ ਸਾਹਿਬ ਦੇ ਸਰੋਵਰ ਦਾ ਨਿਰਮਲ ਜਲ, ਹੇਮਗੰਗਾ ਦੇ ਰੂਪ ਵਿਚ ਪੁਜਦਾ ਹੈ। ਜਦੋਂ ਠੰਡੀ ਹਵਾ ਲਗਦੀ ਹੈ ਐਉਂ ਪਰਤੀਤ ਹੁੰਦਾ ਹੈ ਕਿ ਸ੍ਰੀ ਹੇਮਕੁੰਟ ਤੋਂ ਆਇਆ 'ਗੁਰੂ-ਪਿਆਰ' ਮਨਾਂ ਨੂੰ ਖਿਚ ਕੇ ਮੋਹ ਮਾਇਆ ਦੇ ਜਾਲ 'ਚੋਂ ਕਢ ਰਿਹਾ ਹੈ ਤੇ ਨਾਮ ਦੇ ਲਗਾਤਾਰੀ ਪਰਵਾਹ ਨਾਲ ਸਾਂਈਆਂ ਜੀ ਨਾਲ ਜੋੜ ਰਿਹਾ ਹੈ ।

## ਫੁਲਾਂ ਦੀ ਘਾਟੀ (Valley of Flowers)

ਗੋਬਿੰਦ ਧਾਮ ਤੋਂ ਦੋ ਕੁ ਮੀਲ ਦੀ ਵਿਥ ਪਰ ਇਕ ਕੁਦਰਤੀ ਫੁਲਾਂ ਦੀ ਘਾਟੀ ਹੈ ਜੋ ਛੇ ਸਤ ਮੀਲ ਲੰਬੀ ਤੇ ਅਧ ਮੀਲ ਚੌੜੀ ਹੈ । ਸ੍ਰੀ ਹੇਮਕੁੰਟ ਪਰਬਤ ਦੇ ਆਲੇ ਦੁਆਲੇ ਘੇਰਾ ਪਾਈ ਇਹ ਪੁਸ਼ਪ-ਵਾੜੀ ਪ੍ਰਕਰਮਾ ਕਰ ਰਹੀ ਹੈ । ਇਸ ਵਿਚ ਅਨੇਕਾਂ ਪਰਕਾਰ ਦੇ ਸੁੰਦਰ, ਰੰਗ ਬਰੰਗੇ ਤੇ ਸੁਗੰਧੀ ਵਾਲੇ ਫੁਲ ਹਨ । ਕਹਿੰਦੇ ਹਨ ਕਿ ਇਕ ਯੂਰਪੀਨ ਲੇਡੀ ਇਨ੍ਹਾਂ ਫੁਲਾਂ ਪਰ, ਜਿਨ੍ਹਾਂ 'ਚੋਂ ਕਈ ਅਜੇ ਤੀਕ ਕਿਸੇ ਵੀ ਐਨ-ਸਈਕਲੋਪੀਡੀਏ ਵਿਚ ਦਰਜ ਨਹੀਂ ਹਨ ਉਹ ਬੀਬੀ ਐਸੀ ਮੁਗਧ ਹੋਈ ਕਿ ਉਸ ਨੂੰ ਘਰ ਘਾਟ ਭੁਲ ਗਿਆ ਅਤੇ ਇਸੇ ਇਲਾਕੇ ਵਿਚ ਰਹਿ ਪਈ ਤੇ ਇਸ ਫੁਲਵਾੜੀ ਦੇ ਫੁਲ ਚੁਣਦਿਆਂ ਅਰ ਸੁਗੰਧੀ ਲੈਂਦਿਆਂ ਹੀ ਉਹਦੀ ਆਯੂ ਗੁਜ਼ਰ ਗਈ । ਫੁਲਾਂ ਨਾਲ ਸਿੰਗਾਰੀ ੧੨੦੦੦ ਫੁਟ ਦੀ ਉਚਾਈ ਤੇ ਇਹ ਅਤਿ ਸੁੰਦਰ ਘਾਟੀ ਹੈ ਜਿਸਦੀ ਸੁੰਦਰਤਾ ਨਾਲ ਵਿਸਮਯ ਹੋ ਕੇ ਮਨ ਰਬ ਜੀ ਦੀ ਪਰਤੀਤੀ ਵਿਚ ਆਉਂਦਾ ਗਾ ਉਠਦਾ ਹੈ—

ਕੁਦਰਤਿ ਕਰਿਕੈ ਵਸਿਆ ਸੋਇ ॥

ਪੁਨਾ : ਬਲਿਹਾਰੀ ਕੁਦਰਤਿ ਵਸਿਆ ॥

## ਸ੍ਰੀ ਹੇਮਕੁੰਟ ਸਾਹਿਬ

ਗੋਬਿੰਦ ਧਾਮ ਤੋਂ ੫ ਕਿਲੋਮੀਟਰ ਦੇ ਫਾਸਲੇ ਪਰ ਸਤਿਹ ਸਮੁੰਦਰ ਤੋਂ ੧੫੨੧੦ ਫੁਟ ਉਚਾ ਇਹ ਪਵਿਤਰ ਤੇ ਲਾ-ਮਿਸਾਲ ਅਸਥਾਨ ਹੈ। ਇਥੇ ਇਕ ਅਤਿ ਨਿਰਮਲ ਜਲ ਨਾਲ ਭਰਿਆ ਸਰੋਵਰ ਸਾਹਿਬ ਹੈ

ਜਿਸ ਦਾ ਘੇਰਾ ੨-੨॥ ਵਰਗਮੀਲ ਹੋਵੇਗਾ । ਇਸ ਸਰੋਵਰ ਸਾਹਿਬ ਦੇ ਤਿੰਨ ਪਾਸੇ ਸਪਤ ਸ੍ਰਿੰਗ ਦੀਆਂ ਉਚੀਆਂ ਉਚੀਆਂ ਬਰਫ ਲਦੀਆਂ ਚੋਟੀਆਂ ਹਨ । ਦੂਜੇ ਪਾਸੇ ਹੇਮਕੁੰਟ ਪਰਬਤ ਦੀ ਢਲਾਨ ਤੇ ਵਿਚਕਾਰ ਡਲ ਡਲ ਕਰਦਾ, ਮੋਤੀਆਂ ਵਰਗੀ ਆਬ (ਚਮਕ) ਵਾਲਾ ਸਰੋਵਰ ਸਾਹਿਬ ਹੈ ।

ਸਰੋਵਰ ਸਾਹਿਬ ਦਾ ਅੰਮ੍ਰਿਤ ਜਲ ਨਿਰਮਲ ਅਤੀ ਠੰਡਾ ਹੈ । ਇਸ ਵਿਚ ਇਸ਼ਨਾਨ ਕਰਕੇ ਸਿਮਰਨ ਕਰਨ ਨਾਲ ਮਨ ਤੇ ਤਨ ਅਰੋਗ ਹੁੰਦੇ ਹਨ—

ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨਿ ਤਨਿ ਭਏ ਅਰੋਗਾ ॥

ਸਿਮਰਨ ਕਰਨ ਵਾਲੇ ਪਰੇਮੀਆਂ ਦਾ ਤਜਰਬਾ ਹੈ ਜੋ "ਵਾਹਿਗੁਰੂ ਵਾਹਿਗੁਰੂ" ਕਰਦੇ ਇਸ਼ਨਾਨ ਕਰਨ ਨਾਲ, ਵਾਹਿਗੁਰੂ ਸਿਮਰਨ ਉਹਨਾਂ ਦੇ ਅੰਦਰ ਇਤਨਾ ਲਗਾਤਾਰੀ ਤੇ ਰਸਮਈ ਹੋ ਜਾਂਦਾ ਹੈ ਕਿ ਉਹਨਾਂ ਨੂੰ ਆਪਣੇ ਸਰੀਰ ਦਾ ਭਾਰ ਨਹੀਂ ਭਾਸਦਾ ।

ਕਹਿਓ ਨ ਜਾਈ ਇਹੁ ਅਚੰਭਉ ਸੋ ਜਾਨੇ ਜਿਨਿ ਚਾਖਿਆ ॥

ਪਵਿਤਰ ਸਰੋਵਰ ਸਾਹਿਬ ਦੇ ਕੰਢੇ ਉਹ ਗੁਰਦਵਾਰਾ ਸਾਹਿਬ ਹੈ ਜੋ ਸੰਤ ਸੋਹਣ ਸਿੰਘ ਜੀ ਨੇ ੧੯੩੬ ਵਿਚ ਮੁਕੰਮਲ ਕੀਤਾ ਸੀ । ਇਹ ਗੁਰਦਵਾਰਾ, ਸਾਹਿਬ ਉਸ ਪਵਿਤਰ ਅਸਥਾਨ ਪਰ ਬਣਿਆ ਹੋਇਆ ਹੈ ਜਿਥੇ 'ਦੁਸ਼ਟ-ਦਮਨ' ਜੀ ਨੇ ਐਸਾ ਤਪ ਕੀਤਾ ਸੀ ਕਿ ਰਬ ਤੇ ਉਹ ਦ੍ਵੈ ਰੂਪ ਤੋਂ ਇਕ ਰੂਪ ਹੋ ਗਏ ਸਨ । ਕਠਨਾਈਆਂ ਨਾਲ ਪੁਜ ਸਕਣ ਵਾਲੇ ਇਸ ਅਸਥਾਨ ਪਰ ਗੁਰੂ ਸਾਹਿਬ ਨੇ ਐਸੇ ਦ੍ਰਿੜ ਮਨ ਨਾਲ ਇਕ ਅਕਾਲ ਪੁਰਖ ਦੀ ਅਰਾਧਨਾ ਕੀਤੀ ਜੋ ਉਨ੍ਹਾਂ ਨੂੰ ਇਕ ਵਾਹਿਗੁਰੂ ਵਿਚ ਲੀਨਤਾ ਪ੍ਰਾਪਤ ਹੋਈ । "ਆਪ ਦੀ ਅਲਖ ਦੀ ਅਰਾਧਨਾ ਕਿਤਨੀ ਪ੍ਰਭਾਵਸ਼ਾਲੀ ਹੈ ਜੋ ਅਜ ਭੀ "ਤਪੋਸਥਾਨ ਪਰ ਪੁਜਦੇ ਹੀ ਮਨ ਜੁੜ ਜਾਂਦਾ ਹੈ, ਜੀਭ ਆਪਣੇ ਆਪ 'ਵਾਹਿਗੁਰੂ' ਉਚਾਰਨ ਲੱਗ ਪੈਂਦੀ ਹੈ ਤੇ ਸੰਸਾਰ ਦੇ ਫਿਕਰ ਚੇਤਿਓਂ ਹੀ ਲਹਿ ਜਾਂਦੇ ਹਨ । ਇਹ ਅਨੁਮਾਨ ਨਹੀਂ ਹੋ ਸਕਦਾ, ਇਹਦਾ ਤਜਰਬਾ ਹੋਣ ਪਰ ਹੀ ਪਰਤੀਤੀ ਆਉਂਦੀ ਹੈ ।


ਕਹਿਬੇ ਕੋ ਸੋਭਾ ਨਹੀਂ ਦੇਖਾ ਹੀ ਪਰਵਾਨੁ ॥

ਇਥੇ ਸੰਗਤਾਂ ਦੇ ਆਰਾਮ ਹਿਤ ਭਾਈ ਵੀਰ ਸਿੰਘ ਜੀ ਦੇ ਨਾਮ ਪਰ 'ਭਾਈ ਵੀਰ ਸਿੰਘ ਨਿਵਾਸ ਅਸਥਾਨ' ਬਣਿਆ ਹੈ, ਜਿਨ੍ਹਾਂ ਨੇ ਕਿ ਸੰਤ ਸੋਹਣ ਸਿੰਘ ਜੀ ਨੂੰ ਪਹਿਲਾ ਗੁਰਦਵਾਰਾ ਸਾਹਿਬ ਬਨਾਉਣ ਹਿਤ ਕੇਵਲ



ਮਾਇਆ ਹੀ ਨਹੀਂ ਘਲੀ ਸਗੋਂ ਸਾਰੇ ਕਾਰਜ ਨੂੰ ਹਰ ਪਹਿਲੂ ਤੋਂ ਸੁਰਖਿਅਤ ਕੀਤਾ ।

ਆਪ ਨੇ ਚਾਲੂ ਖਰਚਾਂ ਲਈ ਇਕ ਲਖੀ ਅਪੀਲ ਜਾਰੀ ਕੀਤੀ ਜਿਸ ਵਿਚ ਕਿ ੫੨੦੦੦ ਰੁਪਏ ਤਦੋਂ ਤੋਂ 'ਚੀਫ ਖਾਲਸਾ .ਦੀਵਾਨ ਸਹਾਇਕ ਟਰਸਟ' ਪਾਸ ਜਮਾ ਹਨ ਤੇ ਉਹਦਾ ਸੂਦ ਹਰ ਸਾਲ 'ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰਸਟ' ਨੂੰ ਖਰਚ ਕਰਨ ਲਈ ਮਿਲਦਾ ਹੈ ।



— ਭਾਈ ਸਾਹਿਬ ਭਾਈ ਵੀਰ ਸਿੰਘ ਜੀ —

ਚੀਫ ਖਾਲਸਾ ਦੀਵਾਨ ਰਾਹੀਂ ਵਾਰਸਕ ਯਾਤਰਾ ਜਥੇ ਭੇਜੇ । ਪਹਿਲੇ ਛੇ ਜਥੇ ਮਾਸਟਰ ਕਰਮ ਸਿੰਘ ਜੀ ਦੀ ਅਗਵਾਈ ਵਿਚ ੧੯੫੨ ਤੋਂ ੧੯੫੬ ਤਕ ਸਫਲ ਯਾਤਰਾ ਕਰਕੇ ਆਏ । ੧੯੫੭ ਵਿਚ ਸਥਾਨਕ ਕਮੇਟੀ ਚੀਫ ਖਾਲਸਾ ਦੀਵਾਨ ਕਾਨਪੁਰ ਦੇ ਪ੍ਰਧਾਨ ਸ੍ਰ: ਸਜਣ ਸਿੰਘ ਜੀ ਸਤਵਾਂ ਸਾਲਾਨਾ ਯਾਤਰਾ ਜਥਾ ਲੈ ਕੇ ਗਏ ਤੇ ਮਗਰੋਂ ਸ੍ਰ: ਸ਼ਮਸ਼ੇਰ ਸਿੰਘ ਜੀ ਦੀ ਸੁਚੱਜੀ ਅਗਵਾਈ ਵਿਚ ਜਥੇ ਜਾਂਦੇ ਰਹੇ ਜਦ ਤਕ ਕਿ ੧੯੬੦ ਮਾਰਚ ਵਿਚ ਟਰਸਟ ਬਣ ਗਿਆ । ਹਰ ਸਾਲ ਲਗਭਗ ੨੫੦੦੦ ਯਾਤਰੀ ਇਸ ਪਾਵਨ ਤਪਸਥਾਨ ਦੀ ਯਾਤਰਾ ਕਰਦੇ ਹਨ । ਅਨੇਕ ਸਭਾ ਸੁਸਾਇਟੀਆਂ ਜਥੇ ਲੈ ਕੇ ਜਾਂਦੀਆਂ ਹਨ ਤੇ ਹਰ ਸਾਲ ਗੁਰਦੁਆਰਾ ਗੋਬਿੰਦ ਘਾਟ ਅੰਮ੍ਰਿਤ ਪ੍ਰਚਾਰ ਹੁੰਦਾ ਹੈ ਤੇ ਐਉਂ ਸਿਖੀ ਪਰਚਾਰ ਉਤਸ਼ਾਹ ਨਾਲ ਫਲੀਭੂਤ ਹੋ ਰਿਹਾ ਹੈ ।

## ਯਾਤਰੂਆਂ ਦੇ ਧਿਆਨ ਯੋਗ

(੧) ਬੀਬੀਆਂ ਲਈ ਜ਼ਰੂਰੀ ਹੈ ਕਿ ਉਨ੍ਹਾਂ ਨਾਲ ਆਪਣਾ ਨਿਜੀ ਸੰਬੰਧੀ ਭੀ ਹੋਵੇ ।

(੨) ਯਾਤਰੂਆਂ ਪਾਸ ਵਧ ਤੋਂ ਵਧ ਤਿੰਨ ਨਗ ਅਤੇ ਭਾਰ (ਸਮੇਤ ਬਿਸਤਰੇ) ੨੦ ਕਿਲੋ ਹੋਣਾ ਚਾਹੀਦਾ ਹੈ ।

ਨਾਲ ਲੈਣ ਲਈ ਜ਼ਰੂਰੀ ਸਾਮਾਨ :–

ਫਲੀਟ ਬੂਟ (ਜੋ ਕੁਝ ਦਿਨ ਪਹਿਲਾਂ ਵਰਤਣੇ ਸ਼ੁਰੂ ਕਰ ਦੇਣੇ ਚਾਹੀਦੇ ਹਨ), ਇਕ ਜਾਂ ਦੋ ਗਰਮ ਸੂਟ, ਤਿੰਨ ਸਾਦੇ ਜੋੜੇ, ਦੋ ਕੰਬਲ ਜਾਂ ਇਕ ਰਜਾਈ, ਛਤਰੀ, ਚਾਹ ਨਾਲ ਨਾਸ਼ਤਾ ਕਰਨ ਲਈ ਢਾਈ ਤਿੰਨ ਕਿਲੋ ਸ਼ੈ, ੧ ਕਿਲੋ ਚੀਨੀ, ਸੂਈ ਧਾਗਾ, ਹਲਕੀ ਟਾਰਚ, ਦੀਆ ਸਲਾਈ, ਅਠ ਦਸ ਮੋਮ ਬਤੀਆਂ, ਥੋੜਾ ਦੇਸੀ—ਅੰਗਰੇਜ਼ੀ ਸਾਬਣ, ਲੋਹੇ ਦੇ ਸਮ ਵਾਲੀ ਸੋਟੀ (ਇਹ ਰਿਖੀਕੇਸ਼ ਤੋਂ ਡੇਢ ਰੁਪੈ ਦੀ ਮਿਲ ਸਕਦੀ ਹੈ), ਪੰਜ ਮੀਟਰ ਮੋਮਜਾਮਾ (ਬਿਸਤਰੇ ਅਤੇ ਹੋਰ ਸਾਮਾਨ ਨੂੰ ਬਾਰਸ਼ ਤੋਂ ਬਚਾਉਣ ਲਈ) ਇਕ ਬੋਤਲ (ਅੰਮ੍ਰਿਤ ਲਈ) ਗੜਵੀ, ਗਿਲਾਸ, ਪਲੇਟ ਤੇ ਇਕ ਚਮਚਾ ।

(੩) ਯਾਤਰਾ ਸਮੇਂ ਮਿਤਰਾਂ ਸੰਬੰਧੀਆਂ ਵਲੋਂ ਚਿਠੀਆਂ ਹੇਠ ਲਿਖੇ ਪਤੇ ਤੇ ਮਿਲ ਸਕਦੀਆਂ ਹਨ । ਮਾਰਫਤ ਗੁਰਦੁਆਰਾ ਗੋਬਿੰਦਘਾਟ, ਪੋਸਟ-ਪਾਂਡੋਕੇਸ਼ਵਰ, ਜ਼ਿਲਾ ਚਮੋਲੀ **c/o Gurdwara Gobind Ghat, P.O. Pandukeshwar, Distt. Chamoli.** ਡਾਕ ਲਗ-ਭਗ ੬-੭ ਦਿਨਾਂ ਵਿਚ ਉਥੇ ਪੁਜਦੀ ਹੈ ।

(੪) ਹੈਜ਼ੇ ਦਾ ਟੀਕਾ ਸਾਰੇ ਯਾਤਰੂ ਲਗਵਾ ਕੇ ਆਣ ਦੀ ਕ੍ਰਿਪਾਲਤਾ



ਕਰਨ ਤੇ ਉਸ ਦਾ ਸਰਟੀਫੀਕੇਟ ਮਿਉਂਸਿਪਲ ਹੈਲਥ ਆਫੀਸਰ ਪਾਸੋਂ ਨਾਲ ਲੈ ਕੇ ਆਉਣਾ ਚਾਹੀਦਾ ਹੈ ਨਹੀਂ ਤਾਂ ਰਿਖੀਕੇਸ਼ ਵਿਖੇ ਮੁੜ ਟੀਕਾ ਲਗਾਣਾ ਪੈਂਦਾ ਹੈ ।

(੫) ਪ੍ਰੇਮੀ ਬੜੇ ਪਿਆਰ ਤੇ ਸ਼ਰਧਾ ਨਾਲ, ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਰੁਮਾਲੇ ਬਣਵਾ ਕੇ ਲੈ ਆਂਦੇ ਹਨ । ਬੇਨਤੀ ਹੈ ਕਿ ਠੰਡ ਵਾਲਾ ਇਲਾਕਾ ਹੋਣ ਦੇ ਕਾਰਨ ਕੇਵਲ ਗਰਮ ਜਾਂ ਸ਼ਨੀਲ ਦੇ ਰੁਮਾਲੇ ਹੀ ਕੰਮ ਆ ਸਕਦੇ ਹਨ । ਠੰਡੇ ਬਸਤਰਾਂ ਵਿਚੋਂ ਚਦਰਾਂ ਜਾਂ ਦਰੀਆਂ ਆਦਿ ਕੰਮ ਆ ਸਕਦੀਆਂ ਹਨ । ਚੰਗਾ ਹੋਵੇ ਜੇ ਪ੍ਰੇਮੀ ਰੁਮਾਲਿਆਂ ਦੀ ਥਾਂ ਕੰਬਲ ਲਿਆਣ ਦੀ ਕ੍ਰਿਪਾ ਕਰਨ ।

(੬) 'ਅਵਰਿ ਕਾਜ ਤੇਰੇ ਕਿਤੈ ਨ ਕਾਮ ॥
ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ ॥'

ਆਪਣੀ ਜੀਵਨ ਯਾਤਰਾ ਸਫਲ ਕਰਨ ਹਿਤ ਤੇ ਮਹਾਂ ਤਪਸਵੀ ਜੀ ਦੇ ਚਰਨਾਂ ਵਿਚ ਹਾਜ਼ਰੀ ਭਰਨ ਦੀ ਸੰਪੂਰਨ ਤਿਆਰੀ ਹਿਤ ਘਟ ਤੋਂ ਘਟ ੧੧੦੦ ਮੂਲਮੰਤਰ ਦੇ ਪਾਠ ਕਰਨ ਦੀ ਕਿਰਪਾਲਤਾ ਕਰਨੀ ਜੀ । ਤਾਂ ਜੋ ਜਿਸ ਵਾਹਿਗੁਰੂ ਜੀ ਦਾ ਨਾਮ ਜਪਣਾ ਹੈ ਉਹਦੇ ਗੁਣ ਭਲੀ ਪ੍ਰਕਾਰ ਹਿਰਦੇ ਵਿਚ ਵਸ ਜਾਣ । ਨਾਲ ਹੀ ਘਟੋ ਘਟ ਪੰਜ ਮਿੰਟ ਰੋਜ਼ਾਨਾ "ਵਾਹਿਗੁਰੂ" ਗੁਰ ਮੰਤ੍ਰ ਦਾ ਜਾਪ ਯਾਤਰਾ ਤੋਂ ਪਹਿਲੇ ਹੀ ਅਰੰਭ ਕਰ ਦੇਣਾ ਚਾਹੀਦਾ ਹੈ । ਤਾਂ ਜੋ ਕੁਦਰਤੀ ਨਜ਼ਾਰੇ ਵੇਖ ਕੇ ਤਬੀਅਤ ਪਰ ਜੋ ਵਿਸਮਾਂਦੀ ਅਸਰ ਪੈਂਦਾ ਹੈ, ਤੇ ਤਪ-ਅਸਥਾਨ ਦੇ ਪ੍ਰਭਾਵ ਨਾਲ ਜੋ ਜ਼ਬਾਨ ਪਰ "ਵਾਹਿਗੁਰੂ" ਗੁਰ ਮੰਤਰ ਸਫੁਰਨ ਹੋ ਜਾਂਦਾ ਹੈ ਉਹ ਇਕ ਸਦੈਵੀ ਮੌਜ ਬਣ ਜਾਵੇ ਤੇ ਸਾਡੀ ਹਉਮੈ ਦੂਰ ਹੋਵੇ ਜਿਸ ਲਈ ਭਾਈ ਗੁਰਦਾਸ ਜੀ ਦਸਦੇ ਹਨ—"ਵਾਹਿਗੁਰੂ ਗੁਰ ਮੰਤਰ ਹੈ ਜਪ ਹਉਮੈ ਖੋਈ"

(੭) ਬਸ ਯਾਤਰਾ ਕਠਨ ਹੁੰਦੀ ਹੈ ਸੋ ਪ੍ਰੇਮੀ-ਜਨ ਦਿਲ ਨ ਖਰਾਬ

ਹੋਣ ਲਈ Avomine ਦੀਆਂ ਗੋਲੀਆਂ ਜਾਂ ਹੋਮਯੂਪੈਥਕ ਦੀ Ipecac-30 ਨਾਲ ਰਖਣ ।


(੮) ਜਿਹੜੇ ਸਜਣ ਆਪਣੀ ਮੋਟਰਾਂ ਅਤੇ ਜੀਪਾਂ ਆਦਿ ਲੈ ਆਣਾ ਚਾਹੁਣ ਉਹ ਰਿਖੀਕੇਸ਼ ਤੋਂ ਗੋਬਿੰਦ ਘਾਟ ਤਕ ਜਾ ਸਕਦੇ ਹਨ । ਗੋਬਿੰਦ ਘਾਟ ਰਿਖੀਕੇਸ਼ ਤੋਂ ੧੭੦ ਮੀਲ ਹੈ ਤੇ ਦੋ ਦਿਨ ਪੁਜਣ ਨੂੰ ਲਗਦੇ ਹਨ । ਰਸਤਾ ਪਹਾੜੀ ਹੋਣ ਦੇ ਕਾਰਨ Driver ਬੜਾ Expert ਹੋਣਾ ਚਾਹੀਦਾ ਹੈ ।

(੯) ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰਸਟ ਬੜੀ ਮਿਹਨਤ ਅਤੇ ਲਗਨ ਨਾਲ ਸ੍ਰੀ ਹੇਮਕੁੰਟ ਸਾਹਿਬ ਵਿਖੇ ਨਵਾਂ ਸ੍ਰੀ ਹਰੀਮੰਦਰ ਸਾਹਿਬ ਬਨਾਣ ਦਾ ਸ਼ਲਾਘਾ ਯੋਗ ਉਦਮ ਕਰ ਰਿਹਾ ਹੈ । ਆਸ ਕੀਤੀ ਜਾਂਦੀ ਹੈ ਕਿ ਉਪਰ ਬਿਲਡਿੰਗ ਤਿਆਰ ਹੋ ਜਾਣ ਤੇ ਇਹ ਦੁਨੀਆਂ ਵਿਚ ਬੇਮਿਸਾਲ ਅਸਥਾਨ ਬਣੇਗਾ, ਜਿਸ ਦੇ ਦਰਸ਼ਨ ਨਜ਼ਾਰੇ ਤੇ ਸਤਿਸੰਗ ਹੁਲਾਰਿਆਂ ਨਾਲ ਨਾਮ ਦੀ ਕਣੀ ਪ੍ਰਾਪਤ ਹੋਵੇਗੀ ਤੇ ਜੀਵਨ-ਰੌ ਰੁਮਕ ਪਏਗੀ । ਯਾਤਰੂਆਂ ਦੇ ਠਹਿਰਨ ਲਈ ਕੁਝ ਕਮਰੇ ਬਣ ਵੀ ਚੁਕੇ ਹਨ । ਗੋਬਿੰਦ ਧਾਮ ( Valley of Flowers ) ਗੋਬਿੰਦ ਘਾਟ, ਜੋਸ਼ੀ ਮਠ, ਸ੍ਰੀ ਨਗਰ ਅਤੇ ਰਿਖੀਕੇਸ਼ (Under Construction) ਵਿਖੇ ਵੀ ਟਰਸਟ ਨੇ ਬੜੇ ਸੁੰਦਰ ਗੁਰਦਵਾਰੇ ਤੇ ਰਹਿਣ ਲਈ ਕਮਰੇ ਬਣਾਏ ਹਨ ਜਿਹੜੇ ਸਜਨ ਸ੍ਰੀ ਹੇਮਕੁੰਟ ਸਾਹਿਬ ਬਿਲਡਿੰਗ ਫੰਡ, ਪਰਚਾਰਕ ਤੇ ਡਾਕਟਰ ਰਖਣ ਹਿਤ ਮਾਇਆ ਸਫਲਾ ਕਰਨਾ ਚਾਹੁਣ ਉਹ ਡਰਾਫਟ, ਚੈਕ ਜਾਂ ਮਨੀਆਰਡਰ

## ਗੁ: ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰਸਟ
## ੧੯/੭, ਲਾਟੂਸ਼ ਰੋਡ, ਕਾਨਪੁਰ

ਦੇ ਪਤੇ ਤੇ ਭੇਜਣ ਦੀ ਕ੍ਰਿਪਾਲਤਾ ਕਰਨ ।






ਕਿਦਾਰ ਨਾਥ ਬਦਰੀ ਨਾਥ ਅਤੇ ਸ੍ਰੀ ਹੇਮਕੁੰਟ ਸਾਹਿਬ ਨੂੰ ਜਾਣ ਦਾ ਰਸਤਾ

**TO CATER TO**

**COMFORTS AND AMENITIES OF PILGRIMS**

And to enable them to reach those high altitudes
physically fit and spiritually inspired

# GURDWARA

# SRI HEM KUNT SAHIB
# MANAGEMENT TRUST

**has been able to construct**
**WITH THE GRACE OF**

# SRI GURU GOBIND SINGH JI

**and with the active help and support of the public, the following landings—Gurdwaras, Dharamshalas and Rest Houses, enroute Sri Hem Kunt Sahib**

| | Name of the place | Height in feet above Sea Level | Distance from Rishikesh |
|---|---|---|---|
| 1. | Rishikesh | 1,300 | — |
| 2. | Sri Nagar (Garhwal) | 1,500 | 67 miles |
| 3. | Joshi Math | 6,000 | 158 ,, 91 from Sri Nagar |
| 4. | Gobind Ghat | 6,000 | 170 ,, 12 ,, Joshi Math |
| 5. | Gobind Dham (Valley of Flowers) | 10,500 | 177½ ,, 7½ ,, Gobind Ghat |
| 6. | Sri Hem Kunt Sahib (TAPU ASTHAN) | 15,110 | 181 ,, 3½ ,, Gobind Dham |

Printed at Punjabi Press, New Delhi-110055.